DHINDSA TRAVEL
ਬਾਜ਼ਾਰ ਨਾਲੋਂ ਸਸਤੀਆਂ ਟਿਕਟਾਂ ਦੀ ਗਰੰਟੀ
Email:dhindsatravelltd@yahoo.com
Web:www.dhindsatravels.com
3 Locations Serve You
Payal Bussiness Centre #151-8120-128St, Surrey 604-599-5599
Abbotsford #104-32059 Hillcrest Ave 604-746-2727
DUKH NIVARAN SAHIB PLAZA #111-15299 68Ave 604-744-4445

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

# ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish | ALBERTA Edmonton Calgary | ONTARIO Otttawa, Brampton Toronto | QUEBEC Montreal | USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 15 Ending Date: Apr 11, 2025

LW LAKHE WALE JEWELLERS
ਲੱਖੇਵਾਲੇ ਜਿਊਲਰਜ਼ ਜਗਰਾਉਂ ਵਾਲੇ
Manufacture, Retail, Wholesaler
ਅਸੀਂ ਸੋਨੇ ਦੇ ਗਹਿਣੇ ਬਣਾਉਂਦੇ ਹਾਂ ਹੋਲਸੇਲ ਅਤੇ ਰੀਟੇਲ
(604) 503-2655
#162-12899 80 Ave, Surrey
(PAYAL BUSINESS CENTRE)
www.lakhewalejewellers.com lwjwellers@gmail.com

# ਵਕਫ ਕਾਨੂੰਨ ਖਿਲਾਫ ਕਿਸਾਨਾਂ ਵਾਂਗ ਅੰਦੋਲਨ ਦੀ ਚੇਤਾਵਨੀ

ਨਵੀਂ ਦਿੱਲੀ:ਦੇਸ਼ ’ਚ ਮੁਸਲਮਾਨਾਂ ਦੀ ਅਗਵਾਈ ਕਰਨ ਵਾਲੇ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਕਿਹਾ ਹੈ ਕਿ ਉਹ ਵਕਫ (ਸੋਧ) ਬਿੱਲ ਨੂੰ ਅਦਾਲਤ ਵਿੱਚ ਚੁਣੌਤੀ ਦੇਵੇਗਾ। ਜਦੋਂ ਤੱਕ ਕਾਨੂੰਨ ਵਾਪਸ ਨਹੀਂ ਲਿਆ ਜਾਂਦਾ, ਬੋਰਡ ਟਿਕ ਕੇ ਨਹੀਂ ਬੈਠੇਗਾ। ਬੋਰਡ ਨੇ ਇਸ ਨੂੰ ‘ਕਾਲਾ ਕਾਨੂੰਨ’ ਕਰਾਰ ਦਿੱਤਾ ਅਤੇ ਇਸ ਨੂੰ ਭਾਈਚਾਰੇ ਦੇ ਅਧਿਕਾਰਾਂ ਨੂੰ ਖਤਰੇ ’ਚ ਪਾਉਣ ਵਾਲਾ ਦੱਸਿਆ। ਬੋਰਡ ਦੇ ਮੈਂਬਰ ਮੁਹੰਮਦ ਅਦੀਬ ਨੇ ਪ੍ਰੈੱਸ ਕਾਨਫਰੰਸ ਵਿੱਚ ਬਿੱਲ ਦੀ ਆਲੋਚਨਾ ਕਰਦਿਆਂ ਦਾਅਵਾ ਕੀਤਾ ਕਿ ਇਹ ਮੁਸਲਿਮ ਭਾਈਚਾਰੇ ਦੀ ਜਾਇਦਾਦ ਨੂੰ ਜ਼ਬਤ ਕਰਨ ਦੀ ਕੋਸ਼ਿਸ਼ ਹੈ। ਅਦੀਬ ਨੇ ਕਿਹਾ ਕਿ ਇਸ ਬਿੱਲ ਦੀ ਸਮੀਖਿਆ ਲਈ ਬਣਾਈ ਗਈ ਸਾਂਝੀ ਸੰਸਦੀ ਕਮੇਟੀ (ਜੇ ਪੀ ਸੀ) ਵਿੱਚ ਵਿਚਾਰ-ਚਰਚਾ ਦੌਰਾਨ ਇਸ ਦਾ ਵਿਰੋਧ ਕੀਤਾ ਗਿਆ ਸੀ। ਉਨ੍ਹਾ ਕਿਹਾ, ‘ਇਹ ਨਹੀਂ ਮੰਨਿਆ ਜਾਣਾ ਚਾਹੀਦਾ ਕਿ ਅਸੀਂ ਲੜਾਈ ਹਾਰ ਗਏ ਹਾਂ। ਅਸੀਂ ਹੁਣ ਸ਼ੁਰੂਆਤ ਕੀਤੀ ਹੈ। ਇਹ ਦੇਸ਼ ਨੂੰ ਬਚਾਉਣ ਦੀ ਲੜਾਈ ਹੈ, ਕਿਉਂਕਿ ਪ੍ਰਸਤਾਵਤ ਕਾਨੂੰਨ ਭਾਰਤ ਦੇ ਮੂਲ ਢਾਂਚੇ ਨੂੰ ਖਤਰੇ ਵਿੱਚ ਪਾਉਣ ਵਾਲਾ ਹੈ।’ ਬੋਰਡ ਦੇ ਮੈਂਬਰ ਮੋਹਸਿਨ ਨੇ ਕਿਹਾ, ‘ਅਸੀਂ ਕਿਸਾਨਾਂ ਵਾਂਗ ਪੂਰੇ ਦੇਸ਼ ਵਿੱਚ ਪ੍ਰਦਰਸ਼ਨ ਕਰਾਂਗੇ। ਜੇ ਲੋੜ ਪਈ ਤਾਂ ਅਸੀਂ ਸੜਕਾਂ ਜਾਮ ਕਰਾਂਗੇ ਅਤੇ ਬਿੱਲ ਦਾ ਵਿਰੋਧ ਕਰਨ ਲਈ





ਸਾਰੇ ਸ਼ਾਂਤੀਪੂਰਨ ਕਦਮ ਚੁੱਕਾਂਗੇ।’ ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਸਾਂਝੀ ਸੰਸਦੀ ਕਮੇਟੀ (ਜੇ ਪੀ ਸੀ) ਵੱਲੋਂ ਪ੍ਰਸਤਾਵਤ ਵਕਫ (ਸੋਧ) ਬਿੱਲ, 2025 ਵਿਚਾਰਨ ਅਤੇ ਪਾਸ ਕਰਨ ਲਈ ਪੇਸ਼ ਕੀਤਾ। ਰਿਜਿਜੂ ਨੇ ਕਿਹਾ ਕਿ ਵਕਫ ਬਿੱਲ ਦਾ ਨਾਂਅ ਬਦਲ ਕੇ ਯੂਨੀਫਾਈਡ ਵਕਫ਼ ਮੈਨੇਜਮੈਂਟ ਸਸ਼ਕਤੀਕਰਨ, ਕੁਸ਼ਲਤਾ ਅਤੇ ਵਿਕਾਸ (ਯੂ ਐੱਮ ਈ ਈ ਡੀ-ਉਮੀਦ) ਬਿੱਲ ਰੱਖਿਆ ਜਾਵੇਗਾ। ਬਿੱਲ ਪੇਸ਼ ਕਰਦਿਆਂ ਰਿਜਿਜੂ ਨੇ ਕਿਹਾ ਕਿ ਜੇ ਪੀ ਸੀ ਨੂੰ ਭੌਤਿਕ ਅਤੇ ਆਨਲਾਈਨ ਫਾਰਮੈਟਾਂ ਰਾਹੀਂ 97.27 ਲੱਖ ਤੋਂ ਵੱਧ ਪਟੀਸ਼ਨਾਂ, ਮੈਮੋਰੰਡਮ ਪ੍ਰਾਪਤ ਹੋਏ ਸਨ ਅਤੇ ਜੇ ਪੀ ਸੀ ਨੇ ਆਪਣੀ ਰਿਪੋਰਟ ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਉਨ੍ਹਾਂ ਵਿੱਚੋਂ ਹਰੇਕ ਨੂੰ ਦੇਖਿਆ ਸੀ। 25 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਵਕਫ ਬੋਰਡਾਂ ਤੋਂ ਇਲਾਵਾ 284 ਵਫਦਾਂ ਨੇ ਬਿੱਲ ’ਤੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਕਾਨੂੰਨੀ ਸ਼ਖਸੀਅਤਾਂ, ਚੈਰੀਟੇਬਲ ਸੰਸਥਾਵਾਂ, ਸਿੱਖਿਆ ਸ਼ਾਸਤਰੀਆਂ ਅਤੇ ਧਾਰਮਕ ਆਗੂਆਂ ਸਮੇਤ ਹੋਰਨਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਹਨ।

ਰਿਜਿਜੂ ਨੇ ਵਿਰੋਧੀ ਧਿਰ ਦੇ ਸ਼ੋਰ-ਸ਼ਰਾਬੇ ਦਰਮਿਆਨ ਕਿਹਾ, ‘ਸਰਕਾਰ ਕਿਸੇ ਵੀ ਧਾਰਮਕ ਸੰਸਥਾ ਵਿੱਚ ਦਖਲ ਨਹੀਂ ਦੇਵੇਗੀ। ਯੂ ਪੀ ਏ ਸਰਕਾਰ ਵੱਲੋਂ ਵਕਫ ਕਾਨੂੰਨ ਵਿੱਚ (ਬਾਕੀ ਸਫਾ ਬੀ04 ਤੇ)

# ਕੈਨੇਡਾ ਵਿੱਚ ਸ਼ੁਰੂ ਹੋਇਆ ਸਿੱਖ ਹੈਰੀਟੇਜ ਮੰਥ

ਟੋਰਾਂਟੋ-ਕੈਨੇਡਾ ਭਰ ਵਿੱਚ ਸਿੱਖ ਹੈਰੀਟੇਜ ਮੰਥ ਆਰੰਭ ਹੋ ਗਿਆ ਹੈ ਜੋ 30 ਅਪ੍ਰੈਲ ਤੱਕ ਚੱਲੇਗਾ, ਇਸ ਦੌਰਾਨ ਸਾਰੇ ਕਨੇਡਾ ਭਰ ਵਿੱਚ ਕੈਨੇਡੀਅਨ ਨੂੰ ਸਿੱਖ ਭਾਈਚਾਰੇ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ ਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇਗਾ।ਯਾਦ ਰਹੇ ਕੈਨੇਡਾ ਵਿੱਚ ਸਿੱਖ ਲੱਗਪਗ 150 ਸਾਲ ਤੋ ਰਹਿ ਰਹੇ ਹਨ।ਹਰ ਖੇਤਰ ਵਿੱਚ ਬਹੁਤ ਨਾਮਣਾਂ ਖੱਟਿਆ ਹੈ।ਕੈਨੇਡਾ ਵਿੱਚ ਸਿੱਖ ਹੈਰੀਟੇਜ ਮੰਥ ਬਟਨ ਦਾ ਡਿਜ਼ਾਈਨ ਬਨਾਉਣ ਵਾਲੇ ਆਰਟਿਸਟ ਬਲਜਿੰਦਰ ਸਿੰਘ ਸੇਖਾ ਵੱਲੋਂ ਬਣਾਏ ਪਹਿਲੇ ਗਰੀਟਿੰਗ ਦਾ ਚਿੱਤਰ ਸਾਝਾਂ ਕੀਤਾ ਗਿਆ ਹੈ।ਯਾਦ ਰਹੇ ਬਲਜਿੰਦਰ ਸੇਖਾ ਵੱਲੋਂ ਬਣਾਏ ਪਹਿਲੇ ਸਿੱਖ ਹੈਰੀਟੇਜ ਮੰਥ ਬਟਨ ਨੂੰ ਓਨਟਾਰੀਓ ਦੀ ਵਿਧਾਨ ਸਭਾ ਵਿੱਚ ਮਾਨਤਾ ਦਿੱਤੀ ਗਈ ਸੀ ਅਤੇ ਕੈਨੇਡਾ ਦੀ ਪਾਰਲੀਮੈਂਟ ਵਿੱਚ ਪੇਸ਼ ਕੀਤਾ ਗਿਆ ਸੀ ।




The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
“ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।”
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ• ਆਰ ਈ ਐਸ ਪੀ, ਆਰ ਆਰ ਐਸ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ ‘ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ ‘ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜ਼ਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
Rani Sidhu
Rani Sidhu:604-504-3400
Aman:604-800-3003
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

Pacific Home Warranty
J&J FRESH LOOK HOMES LTD..
ਫਰੇਮਿੰਗ ਦੇ ਕਈ ਸਾਲਾਂ ਦੇ ਤਰਜਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management
*Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS
• TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars
• Auto Glass Replacement • Free Estimates
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ
ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
Fax: 604-596-3800 Ph. 604-596-2800
Satisfaction Guarantee

ਪੰਜਾਬ ਗਾਰਡੀਅਨ
Call to Advertise
604-590-5200



FARM AND SPICE
FARM AND SPICE
Weekly Special
Apr 04 - 10
Senior Citizen Discount
5% Off
Every Thursday
Except on Dairy Products
ਸੇਬ
Apple
Ambrosia BC, per lb
$0.99
ਫੁੱਲ ਗੋਭੀ
Cauliflower
each
$1.99
ਧਨੀਆ
Cilantro
each
$0.69
ਨਿੰਬੂ
Lemon
2 for
$0.99
ਲੈਟਸ
Head Lettuce
each
$1.99
ਆਲੂ
Russet Potatoes
10 lbs
$4.99
ਸ਼ਕਰਕੰਦੀ
Sweet Potatoes
per lb
$1.49
ਨਾਨਕ ਦੇਸੀ ਘਿਓ
Nanak Desi Ghee
3.5 lbs
$26.99
ਬਾਸਮਤੀ
Canteen Indian Basmati
10 lbs
$10.99
ਨਾਨਕ ਪਨੀਰ
Nanak Fresh / Malai Paneer
341 gms
$4.99
ਅੰਬੇ ਆਟਾ
Ambay Besan / Makki Atta
4lbs
$4.99
ਕਨਟੀਨ ਪੇਸੀ ਗੁੜ
Canteen Pesi Gur
1Kg
$3.49
ਗੋਲਗਪੇ
Mampster Golgappa
290 gms
$8.99
ਹੀਰ ਖੰਡ
Heer Brown/Wht Sugar
8 lbs
$6.99
ਹੀਰ ਦਾਲਾਂ
Heer Chana Dal / Kala Chana / Red Spilt
4 lbs
$4.99
ਆਸ਼ਿਰਵਾਦ ਆਟਾ
Aashirwad Atta
20 lbs
$12.99
*while supply last
Open 7 Days a Week
8:30 am to 9:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਛਤੀਸਗੜ੍ਹ ਦੇ ਸੁਕਮਾ ‘ਚ 16 ਨਕਸਲੀ ਅਤੇ ਕਮਾਂਡਰ ਜਗਦੀਸ਼ ਦਾ ਬਣਾਇਆ ਮੁਕਾਬਲਾ

ਛੱਤੀਸਗੜ੍ਹ-ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ ਦੇ ਕੇਰਲਪਾਲ ਇਲਾਕੇ ਵਿਚ ਸ਼ਨੀਵਾਰ ਨੂੰ ਸੁਰੱਖਿਆ ਬਲਾਂ ਨੇ ਇਕ ਵੱਡੇ ਮੁਕਾਬਲੇ ਵਿਚ 16 ਨਕਸਲੀਆਂ ਨੂੰ ਮਾਰ ਦਿੱਤਾ। ਇਲਾਕੇ ਵਿਚ ਨਕਸਲੀਆਂ ਦੀ ਮੌਜੂਦਗੀ ਬਾਰੇ ਖ਼ਾਸ ਖੁਫ਼ੀਆ ਜਾਣਕਾਰੀ ਮਿਲੀ ਸੀ। ਜ਼ਿਲ੍ਹੇ ਦੇ ਕੇਰਲਾਪਾਲ ਥਾਣਾ ਖੇਤਰ ਵਿਚ ਗੋਗੁੰਡਾ ਪਹਾੜੀ ’ਤੇ ਨਕਸਲੀ ਕਮਾਂਡਰ ਜਗਦੀਸ਼ ਦੀ ਮੌਜੂਦਗੀ ਬਾਰੇ ਜਾਣਕਾਰੀ ਮਿਲੀ ਸੀ, ਜਿਸ ਤੋਂ ਬਾਅਦ ਡੀਆਰਜੀ ਅਤੇ ਸੀਆਰਪੀਐਫ ਦੇ ਜਵਾਨ ਉੱਥੋਂ ਚਲੇ ਗਏ। ਇਸ ਮੁਕਾਬਲੇ ਵਿਚ ਸੁਰੱਖਿਆ ਬਲਾਂ ਨੇ 16 ਨਕਸਲੀਆਂ ਨੂੰ ਮਾਰ ਦਿੱਤਾ। ਹਾਲਾਂਕਿ, ਮੁਕਾਬਲੇ ਵਿਚ ਦੋ ਸੈਨਿਕਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੁਕਮਾ ਵਿਚ ਹੋਏ ਮੁਕਾਬਲੇ ਬਾਰੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਪੋਸਟ ਕੀਤਾ ਹੈ। ਉਨ੍ਹਾਂ ਲਿਖਿਆ, ‘‘ਨਕਸਲਵਾਦ ਨੂੰ ਇਕ ਹੋਰ ਝਟਕਾ! ਸਾਡੀਆਂ ਸੁਰੱਖਿਆ ਏਜੰਸੀਆਂ ਨੇ ਸੁਕਮਾ ਵਿਚ ਇਕ ਕਾਰਵਾਈ ਵਿਚ 16 ਨਕਸਲੀਆਂ ਨੂੰ ਮਾਰ ਦਿੱਤਾ ਹੈ ਅਤੇ ਆਟੋਮੈਟਿਕ ਹਥਿਆਰਾਂ ਦਾ ਇਕ ਵੱਡਾ ਜ਼ਖੀਰਾ ਬਰਾਮਦ ਕੀਤਾ ਹੈ।“ ਉਨ੍ਹਾਂ ਅੱਗੇ ਲਿਖਿਆ, “ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਅਸੀਂ 31 ਮਾਰਚ, 2026 ਤੋਂ ਪਹਿਲਾਂ ਨਕਸਲਵਾਦ ਨੂੰ ਖ਼ਤਮ ਕਰਨ ਲਈ ਦ੍ਰਿੜ ਹਾਂ। ਹਥਿਆਰ ਰੱਖਣ ਵਾਲਿਆਂ ਨੂੰ ਮੇਰੀ ਅਪੀਲ ਹੈ ਕਿ ਬਦਲਾਅ ਹਥਿਆਰਾਂ ਅਤੇ ਹਿੰਸਾ ਰਾਹੀਂ ਨਹੀਂ ਆ ਸਕਦਾ; ਸਿਰਫ਼ ਸ਼ਾਂਤੀ ਅਤੇ ਵਿਕਾਸ ਹੀ ਬਦਲਾਅ ਲਿਆ ਸਕਦੇ ਹਨ।’’ ਜਾਣਕਾਰੀ ਅਨੁਸਾਰ ਸਿਪਾਹੀ ਰਾਤ 12 ਵਜੇ ਆਪ੍ਰੇਸ਼ਨ ਲਈ ਰਵਾਨਾ ਹੋਏ। ਜਾਣਕਾਰੀ ਅਨੁਸਾਰ, ਗੋਗੁੰਡਾ ਇਲਾਕੇ ਵਿਚ ਕਮਾਂਡਰ ਜਗਦੀਸ਼ ਦੀ ਮੌਜੂਦਗੀ ਦੀ ਸੂਚਨਾ ਮਿਲਣ ’ਤੇ, ਰਾਤ 12 ਵਜੇ ਡੀਆਰਜੀ ਅਤੇ ਸੀਆਰਪੀਐਫ ਦੇ ਜਵਾਨਾਂ ਨੂੰ ਆਪ੍ਰੇਸ਼ਨ ਲਈ ਭੇਜਿਆ ਗਿਆ। ਜਿੱਥੇ ਸਵੇਰੇ 6:50



ਵਜੇ ਗੋਲੀਬਾਰੀ ਸ਼ੁਰੂ ਹੋਈ। ਇਸ ਕਾਰਵਾਈ ਵਿੱਚ ਜ਼ਖ਼ਮੀ ਹੋਏ ਦੋਵੇਂ ਸੈਨਿਕਾਂ ਨੂੰ ਇਲਾਜ ਲਈ ਰਾਏਪੁਰ ਭੇਜਿਆ ਜਾਵੇਗਾ।ਇਸ ਦੌਰਾਨ, ਐਸਪੀ ਕਿਰਨ ਚਵਾਨ ਨੇ ਵਾਰ ਰੂਮ ਤੋਂ ਮੁਕਾਬਲੇ ਦੀ ਨਿਗਰਾਨੀ ਕੀਤੀ। ਮੁਕਾਬਲੇ ਦੌਰਾਨ ਆਟੋਮੈਟਿਕ ਹਥਿਆਰ ਵੀ ਬਰਾਮਦ ਕੀਤੇ ਗਏ ਹਨ। ਬਸਤਰ ਵਿੱਚ ਆਈਈਡੀ ਧਮਾਕੇ ਵਿੱਚ ਇੱਕ ਜਵਾਨ ਜ਼ਖ਼ਮੀ ਸੁਕਮਾ ਛੱਤੀਸਗੜ੍ਹ ਦੇ ਬਸਤਰ ਖੇਤਰ ਦੇ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ ਵਿੱਚੋਂ ਇੱਕ ਹੈ, ਜਿੱਥੇ ਪਹਿਲਾਂ ਵੀ ਕਈ ਨਕਸਲੀ ਹਮਲੇ ਹੋ ਚੁੱਕੇ ਹਨ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਛੱਤੀਸਗੜ੍ਹ ਦੇ ਨਾਰਾਇਣਪੁਰ ਜ਼ਿਲ੍ਹੇ ਵਿੱਚ ਨਕਸਲੀਆਂ ਵੱਲੋਂ ਲਗਾਏ ਗਏ ਆਈਈਡੀ ਧਮਾਕੇ ਵਿਚ ਇੱਕ ਜਵਾਨ ਜ਼ਖਮੀ ਹੋ ਗਿਆ ਸੀ। ਬਸਤਰ ਦੇ ਇੰਸਪੈਕਟਰ ਜਨਰਲ ਆਫ਼ ਪੁਲਿਸ ਸੁੰਦਰਰਾਜ ਪੀ ਨੇ ਕਿਹਾ, ‘‘ਨਕਸਲੀਆਂ ਦੁਆਰਾ ਬੇਦਮਾਕੋਟੀ ਵੱਲ ਲਗਾਏ ਗਏ ਆਈਈਡੀ ਧਮਾਕੇ ਵਿਚ ਇਕ ਸਿਪਾਹੀ ਜ਼ਖ਼ਮੀ ਹੋ ਗਿਆ। ਜ਼ਖ਼ਮੀ ਸਿਪਾਹੀ ਨੂੰ ਨਾਰਾਇਣਪੁਰ ਦੇ ਜ਼ਿਲ੍ਹਾ ਹਸਪਤਾਲ ਵਿਚ ਮੁੱਢਲੀ ਸਹਾਇਤਾ ਦਿੱਤੀ ਗਈ।’’ ਆਈਜੀ ਨੇ ਕਿਹਾ ਕਿ ਸ਼ੁਰੂਆਤੀ ਇਲਾਜ ਤੋਂ ਬਾਅਦ ਜ਼ਖ਼ਮੀ ਸਿਪਾਹੀ ਦੀ ਹਾਲਤ ਸਥਿਰ ਹੋ ਗਈ ਹੈ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਵਕ਼ਫ ਸੋਧ ਬਿੱਲ ਵਿਰੁੱਧ ਮਤਾ ਪਾਸ

ਚੰਡੀਗੜ੍ਹ:ਸ਼੍ਰੋਮਣੀ ਅਕਾਲੀ ਦਲ ਨੇ ਮੰਗਲਵਾਰ ਨੂੰ ਸੰਸਦੀ ਬੋਰਡ ਦੀ ਮੀਟਿੰਗ ਦੌਰਾਨ ਵਕਫ਼ (ਸੋਧ) ਬਿੱਲ ਵਿਰੁੱਧ ਮਤਾ ਪਾਸ ਕੀਤਾ। ਪਾਰਟੀ ਦੇ ਆਗੂ ਦਲਜੀਤ ਸਿੰਘ ਚੀਮਾ ਨੇ ਮੁਸਲਮਾਨਾਂ ਨਾਲ ਖੜ੍ਹੇ ਹੋਣ ਦੇ ਪਾਰਟੀ ਦੇ ਸਟੈਂਡ ਨੂੰ ਦੁਹਰਾਉਂਦਿਆਂ ਕਿਹਾ, ‘‘ਘੱਟ ਗਿਣਤੀਆਂ ਭਾਰਤ ਦਾ ਇੱਕ ਮਹੱਤਵਪੂਰਨ ਹਿੱਸਾ ਹਨ ਅਤੇ ਭਾਈਚਾਰੇ ਦੀ ਸਹਿਮਤੀ ਤੋਂ ਬਿਨਾਂ ਕੋਈ ਵੀ ਕਾਨੂੰਨ ਪਾਸ ਨਹੀਂ ਕੀਤਾ ਜਾਣਾ ਚਾਹੀਦਾ। ਅਸੀਂ ਵਕਫ਼ ਬੋਰਡ ਵਿੱਚ ਸੋਧ ਖ਼ਿਲਾਫ਼ ਮਤਾ ਪਾਸ ਕੀਤਾ।’’ ਅਕਾਲੀ ਆਗੂ ਨੇ ਕਿਹਾ, ‘‘ਤੁਸੀਂ (ਕੇਂਦਰ ਸਰਕਾਰ) ਨਾਮਜ਼ਦਗੀ ਦੀ ਪ੍ਰਕਿਰਿਆ ਵਧਾ ਰਹੇ ਹੋ ਅਤੇ ਇਸ ਦੇ ਨਾਲ ਗੈਰ-ਮੁਸਲਮਾਨਾਂ ਨੂੰ ਵਕਫ਼ ਬੋਰਡ ਦਾ ਮੈਂਬਰ ਬਣਾਉਣ ਬਾਰੇ ਸੋਚ ਰਹੇ ਹੋ।’’

ਉਨ੍ਹਾਂ ਵਕਫ਼ ਸੁਧਾਰ ਦੀ ਤੁਲਨਾ ਪਟਨਾ ਵਿੱਚ ਸਿੱਖਾਂ ਲਈ ਹਜ਼ੂਰ ਸਾਹਿਬ ਬੋਰਡ ਦੇ ‘ਹੱਥ ਲੈਣ’ ਨਾਲ ਕਰਦਿਆਂ ਕਿਹਾ, ‘‘ਪਹਿਲਾਂ ਸਿੱਖਾਂ ਲਈ ਹਜ਼ੂਰ ਸਾਹਿਬ ਬੋਰਡ ਸੀ, ਉੱਥੇ ਉਨ੍ਹਾਂ ਨੇ ਨਾਮਜ਼ਦਗੀਆਂ ਵਧਾ ਦਿੱਤੀਆਂ ਅਤੇ ਇਸ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਹੁਣ ਇਹ ਮੁਸਲਿਮ ਭਰਾਵਾਂ ਨਾਲ ਵੀ ਹੋਣ ਲੱਗ ਪਿਆ ਹੈ, ਇਸ ਲਈ ਸਰਕਾਰ ਨੂੰ ਇਨ੍ਹਾਂ ਚੀਜ਼ਾਂ ਨੂੰ ਤੁਰੰਤ ਬੰਦ ਕਰਨਾ ਚਾਹੀਦਾ ਹੈ।’’

ਚੀਮਾ ਨੇ ਕਿਹਾ, ‘‘ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਤਖ਼ਤ ਸਾਹਿਬ ਦੇ ਰੋਜ਼ਾਨਾ ਦੇ ਕੰਮ ਲਈ ਜ਼ਿੰਮੇਵਾਰ ਹੈ ਅਤੇ ਆਲੇ-ਦੁਆਲੇ ਦੇ ਸਾਰੇ ਗੁਰਦੁਆਰਿਆਂ ਦੀ ਦੇਖਭਾਲ ਕਰਦਾ ਹੈ। ਪਟਨਾ ਸਾਹਿਬ ਦੇ ਤਖ਼ਤਾਂ ਦਾ ਪ੍ਰਬੰਧਨ ਇਸ ਸਮੇਂ ਬਿਹਾਰ ਸਰਕਾਰ ਵੱਲੋਂ ਕੀਤਾ ਜਾਂਦਾ ਹੈ। ਇਸ ਕਾਰਨ ਕਰਕੇ ਅਸੀਂ ਪੂਰੀ ਤਰ੍ਹਾਂ 100 ਫ਼ੀਸਦੀ ਇਸ ਦੇ ਵਿਰੁੱਧ ਹਾਂ, ਭਾਈਚਾਰੇ ਦੀ ਸਹਿਮਤੀ ਤੋਂ ਬਿਨਾਂ ਅਤੇ ਉਨ੍ਹਾਂ ਨਾਲ ਸਲਾਹ ਕੀਤੇ ਬਿਨਾਂ ਕੋਈ ਕਾਨੂੰਨ ਪਾਸ ਨਹੀਂ ਕੀਤਾ ਜਾਣਾ ਚਾਹੀਦਾ। ਅਜਿਹਾ ਨਹੀਂ ਹੋਣਾ ਚਾਹੀਦਾ ਕਿ ਉਹ ਗੈਰ-ਮੁਸਲਮਾਨਾਂ ਨੂੰ ਰੱਖਣ, ਅਧਿਕਾਰੀਆਂ ਨੂੰ ਸ਼ਕਤੀਆਂ ਦੇਣ।’’ਵਕਫ਼ ਬਿੱਲ ਤੋਂ ਇਲਾਵਾ ਅਕਾਲੀ ਆਗੂ ਨੇ ਜਲੰਧਰ ਜ਼ਿਲ੍ਹੇ ਦੇ ਫਿਲੌਰ ਖੇਤਰ ਵਿੱਚ ਬੀਆਰ ਅੰਬੇਡਕਰ ਦੇ ਬੁੱਤ ਦੀ ਭੰਨ-ਤੋੜ ਦੀ ਵੀ ਨਿੰਦਾ ਕੀਤੀ, ਇਸ ਨੂੰ ਪੰਜਾਬ ਵਿੱਚ ਭਾਈਚਾਰਿਆਂ ਵਿਚਕਾਰ ਮਤਭੇਦ ਪੈਦਾ ਕਰਨ ਦੀ ਸਾਜ਼ਿਸ਼ ਦੱਸਿਆ।ਜ਼ਿਕਰਯੋਗ ਹੈ ਕਿ ਵਕਫ਼ (ਸੋਧ) ਬਿੱਲ 2 ਅਪਰੈਲ ਨੂੰ ਸੰਸਦ ਵਿੱਚ ਪੇਸ਼ ਕੀਤਾ ਜਾਣਾ ਤੈਅ ਹੈ। ਸੱਤਾਧਾਰੀ ਅਤੇ ਵਿਰੋਧੀ ਗਠਜੋੜ ਦੋਵਾਂ ਦੀਆਂ ਰਾਜਨੀਤਿਕ ਪਾਰਟੀਆਂ ਨੇ ਆਪਣੇ ਸੰਸਦ ਮੈਂਬਰਾਂ ਨੂੰ 2 ਅਪਰੈਲ ਨੂੰ ਲੋਕ ਸਭਾ ਵਿੱਚ ਮੌਜੂਦਗੀ ਯਕੀਨੀ ਬਣਾਉਣ ਲਈ ਇਕ ਵ੍ਹਿਪ ਜਾਰੀ ਕੀਤਾ ਹੈ। ਭਾਰਤੀ ਜਨਤਾ ਪਾਰਟੀ, ਕਾਂਗਰਸ, ਤੇਲਗੂ ਦੇਸ਼ਮ ਪਾਰਟੀ (ਟੀਡੀਪੀ), ਜਨਤਾ ਦਲ (ਯੂਨਾਈਟਿਡ) ਸਮਾਜਵਾਦੀ ਪਾਰਟੀ ਸਮੇਤ ਹੋਰਾਂ ਨੇ ਆਪਣੇ ਸੰਸਦ ਮੈਂਬਰਾਂ ਨੂੰ ਵ੍ਹਿਪ ਜਾਰੀ ਕੀਤਾ ਹੈ। ਰਿਜਿਜੂ ਨੇ ਦੱਸਿਆ ਬਿੱਲ ਨੂੰ ਬੁੱਧਵਾਰ ਨੂੰ ਪ੍ਰਸ਼ਨ ਕਾਲ ਤੋਂ ਬਾਅਦ ਵਿਚਾਰ ਅਤੇ ਪਾਸ ਕਰਨ ਲਈ ਪੇਸ਼ ਕੀਤਾ ਜਾਵੇਗਾ ਅਤੇ ਇਸ ਤੋਂ ਬਾਅਦ 8 ਘੰਟੇ ਦੀ ਚਰਚਾ ਕੀਤੀ ਜਾਵੇਗੀ ਜਿਸ ਵਿੱਚ ਵਾਧਾ ਵੀ ਕੀਤਾ ਜਾਵੇਗਾ।

# ਔਰੰਗਜ਼ੇਬ ’ਤੇ ਨਹੀਂ ਰੁਕ ਰਿਹਾ ਵਿਵਾਦ

## ਮੌਲਾਨਾ ਤੌਕੀਰ ਨੇ ਰਾਣਾ ਸਾਂਗਾ ਨੂੰ ਕਿਹਾ .ਗੱਦਾਰ

ਬਰੇਲੀ-ਸੰਭਲ ਵਿੱਚ ਸੀਓ ਅਨੁਜ ਚੌਧਰੀ ਦੇ ਸਖ਼ਤੀ ਤੇ ਤਿੱਖੇ ਬਿਆਨਾਂ ਨੇ ਇਤੇਹਾਦ-ਏ-ਮਿਲਤ ਕੌਂਸਲ ਦੇ ਪ੍ਰਧਾਨ ਮੌਲਾਨਾ ਤੌਕੀਰ ਰਜ਼ਾ ਖਾਨ ਨੂੰ ਨਾਰਾਜ਼ ਕਰ ਦਿੱਤਾ। ਸ਼ਨੀਵਾਰ ਨੂੰ ਮੌਲਾਨਾ ਨੇ ਕਿਹਾ ਕਿ ਈਦ ਤੋਂ ਬਾਅਦ ਉਹ ਮੁਸਲਿਮ ਸੰਸਦ ਮੈਂਬਰਾਂ ਨਾਲ ਸੰਭਲ ਜਾਣਗੇ ਤੇ ਸੀਓ ਤੇ ਹੋਰ ਅਧਿਕਾਰੀਆਂ ਨੂੰ ਹਟਾਉਣ ਲਈ ਧਰਨਾ ਦੇਣਗੇ ਹਾਲਾਂਕਿ ਉਸ ਨੇ ਇਸ ਦੀ ਤਰੀਕ ਦਾ ਖੁਲਾਸਾ ਨਹੀਂ ਕੀਤਾ। ਮੁਗਲ ਸ਼ਾਸਕ ਔਰੰਗਜ਼ੇਬ ’ਤੇ ਦੇਸ਼ ਵਿੱਚ ਚੱਲ ਰਹੀ ਬਹਿਸ ਦਾ ਫਾਇਦਾ ਉਠਾਉਂਦੇ ਹੋਏ ਮੌਲਾਨਾ ਨੇ ਬਹਾਦਰ ਯੋਧਾ ਰਾਣਾ ਸਾਂਗਾ ’ਤੇ ਇੱਕ ਵਿਵਾਦਪੂਰਨ ਟਿੱਪਣੀ ਕੀਤੀ ਕਿ ਉਹ ਦੇਸ਼ ਦਾ ਗਦਾਰ ਸੀ। ਮੌਲਾਨਾ ਨੇ ਵੀਰ ਸਾਵਰਕਰ ਬਾਰੇ ਕਿਹਾ ਕਿ ਉਹ ਅੰਗਰੇਜ਼ਾਂ ਤੋਂ 60 ਰੁਪਏ ਦੀ ਸਕਾਲਰਸ਼ਿਪ ਲੈ ਕੇ ਦੇਸ਼ ਵੇਚ ਰਹੇ ਸਨ।









## (ਮੁੱਖ ਪੰਨੇ ਦੀ ਬਾਕੀ)

ਕੀਤੀਆਂ ਗਈਆਂ ਤਬਦੀਲੀਆਂ ਨੇ ਇਸ ਨੂੰ ਹੋਰ ਕਾਨੂੰਨਾਂ ਉੱਤੇ ਬਹੁਤ ਪ੍ਰਭਾਵ ਪਾਇਆ, ਇਸ ਲਈ ਨਵੀਆਂ ਸੋਧਾਂ ਦੀ ਲੋੜ ਸੀ।' ਬਿੱਲ ਅਨੁਸਾਰ ਕਿਸੇ ਵੀ ਕਾਨੂੰਨ ਅਧੀਨ ਮੁਸਲਮਾਨਾਂ ਵੱਲੋਂ ਬਣਾਏ ਗਏ ਟਰੱਸਟਾਂ ਨੂੰ ਹੁਣ ਵਕਫ ਨਹੀਂ ਮੰਨਿਆ ਜਾਵੇਗਾ, ਜਿਸ ਨਾਲ ਟਰੱਸਟਾਂ 'ਤੇ ਪੂਰਾ ਨਿਯੰਤਰਣ ਯਕੀਨੀ ਬਣਾਇਆ ਜਾਵੇਗਾ। ਬਿੱਲ ਇਹ ਵੀ ਪ੍ਰਸਤਾਵ ਕਰਦਾ ਹੈ ਕਿ ਕੁਲੈਕਟਰ ਦੇ ਰੈਂਕ ਤੋਂ ਉੱਪਰ ਦਾ ਇੱਕ ਅਧਿਕਾਰੀ ਵਕਫ ਵਜੋਂ ਦਾਅਵਾ ਕੀਤੀਆਂ ਗਈਆਂ ਸਰਕਾਰੀ ਜਾਇਦਾਦਾਂ ਦੀ ਜਾਂਚ ਕਰੇਗਾ। ਵਿਵਾਦਾਂ ਦੇ ਮਾਮਲੇ ਵਿੱਚ ਸੀਨੀਅਰ ਸਰਕਾਰੀ ਅਧਿਕਾਰੀ ਕੋਲ ਅੰਤਮ ਫੈਸਲਾ ਹੋਵੇਗਾ ਕਿ ਕੋਈ ਜਾਇਦਾਦ ਵਕਫ ਦੀ ਹੈ ਜਾਂ ਸਰਕਾਰ ਦੀ। ਇਹ ਮੌਜੂਦਾ ਪ੍ਰਣਾਲੀ ਦੀ ਥਾਂ ਲੈਂਦਾ ਹੈ, ਜਿੱਥੇ ਵਕਫ ਟ੍ਰਿਬਿਊਨਲਾਂ ਦੁਆਰਾ ਅਜਿਹੇ ਫੈਸਲੇ ਲਏ ਜਾਂਦੇ ਹਨ। ਇਸ ਦੇ ਨਾਲ ਹੀ ਬਿੱਲ ਪ੍ਰਸਤਾਵਤ ਕਰਦਾ ਹੈ ਕਿ ਗੈਰ-ਮੁਸਲਿਮ ਮੈਂਬਰਾਂ ਨੂੰ ਕੇਂਦਰੀ ਅਤੇ ਰਾਜ ਵਕਫ ਬੋਰਡਾਂ ਵਿੱਚ ਸਮਾਵੇਸ਼ ਲਈ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਸਪੀਕਰ ਓਮ ਬਿਰਲਾ ਨੇ ਵਿਰੋਧੀ ਧਿਰ ਦੇ ਇਤਰਾਜ਼ਾਂ ਨੂੰ ਰੱਦ ਕਰ ਦਿੱਤਾ ਕਿ ਸਰਕਾਰ ਕੋਲ ਸੋਧੇ ਹੋਏ ਬਿੱਲ ਵਿੱਚ ਨਵੇਂ ਪ੍ਰਬੰਧ ਸ਼ਾਮਲ ਕਰਨ ਦੀ ਕੋਈ ਸ਼ਕਤੀ ਨਹੀਂ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜੇ ਪੀ ਸੀ ਇੱਕ ਲੋਕਤੰਤਰੀ ਕਮੇਟੀ ਹੈ। ਇਸ ਕਮੇਟੀ ਨੇ ਕਾਂਗਰਸ ਵੱਲੋਂ ਗਠਿਤ ਕਮੇਟੀ ਵਾਂਗ ਕੰਮ ਨਹੀਂ ਕੀਤਾ। ਇਸ ਨੇ ਸਹੀ ਪ੍ਰਕਿਰਿਆ ਅਤੇ ਸਲਾਹ-ਮਸ਼ਵਰੇ ਦੀ ਪਾਲਣਾ ਕੀਤੀ। ਬਿੱਲ ਪੇਸ਼ ਹੋਣ ਤੋਂ ਪਹਿਲਾਂ ਕਾਂਗਰਸ ਨੇਤਾ ਗੌਰਵ ਗੋਗੋਈ ਨੇ ਬਿੱਲ ਦਾ ਸਖਤ ਵਿਰੋਧ ਕਰਦਿਆਂ ਕਿਹਾ ਕਿ ਇਹ ਦੇਸ਼ ਵਿੱਚ ਸ਼ਾਂਤੀ ਭੰਗ ਕਰੇਗਾ। ਉਨ੍ਹਾ ਕਿਹਾ, 'ਜੇ ਪੀ ਸੀ ਵਿੱਚ ਧਾਰਾ-ਦਰ-ਧਾਰਾ ਚਰਚਾ ਹੋਣੀ ਚਾਹੀਦੀ ਸੀ, ਜੋ ਨਹੀਂ ਹੋਈ। ਸਰਕਾਰ ਦਾ ਪਹਿਲੇ ਦਿਨ ਤੋਂ ਹੀ ਰਵੱਈਆ ਅਜਿਹਾ ਕਾਨੂੰਨ ਲਿਆਉਣ ਦਾ ਰਿਹਾ ਹੈ, ਜੋ ਸੰਵਿਧਾਨ ਅਤੇ ਘੱਟ ਗਿਣਤੀਆਂ ਦੇ ਵਿਰੁੱਧ ਹੋਵੇ, ਜਿਸ ਨਾਲ ਦੇਸ਼ ਦੀ ਸ਼ਾਂਤੀ ਭੰਗ ਹੋਵੇ।'

# ਸਟਾਲਿਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਵਕਫ਼ ਸੋਧ ਬਿੱਲ ਵਾਪਸ ਲੈਣ ਦੀ ਕੀਤੀ ਅਪੀਲ




ਚੇਨਈ: ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਵਕਫ਼ (ਸੋਧ) ਬਿੱਲ, 2024 ਨੂੰ ਵਾਪਸ ਲੈਣ ਦੀ ਮੰਗ ਕੀਤੀ।

ਉਨ੍ਹਾਂ ਦਾਅਵਾ ਕੀਤਾ ਕਿ ਇਹ ਬਿੱਲ ਮੁਸਲਮਾਨਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਏਗਾ। ਸਟਾਲਿਨ ਨੇ ਕਿਹਾ ਕਿ ਸੰਵਿਧਾਨ ਹਰੇਕ ਨਾਗਰਿਕ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਦਾ ਅਧਿਕਾਰ ਦਿੰਦਾ ਹੈ ਅਤੇ ਚੁਣੀਆਂ ਹੋਈਆਂ ਸਰਕਾਰਾਂ ਦਾ ਫਰਜ਼ ਹੈ ਕਿ ਉਹ ਇਸ (ਅਧਿਕਾਰ) ਨੂੰ ਬਣਾਈ ਰੱਖਣ ਅਤੇ ਸੁਰੱਖਿਅਤ ਰੱਖਣ।

ਉਨ੍ਹਾਂ ਕਿਹਾ ਕਿ ਵਕ਼ਫ ਐਕਟ, 1995 ਵਿੱਚ ਪ੍ਰਸਤਾਵਿਤ ਸੋਧਾਂ ਘੱਟ ਗਿਣਤੀਆਂ ਨੂੰ ਦਿੱਤੀਆਂ ਗਈਆਂ ਸੰਵਿਧਾਨਕ ਸੁਰੱਖਿਆਵਾਂ ਨੂੰ ਧਿਆਨ ਵਿੱਚ ਨਹੀਂ ਰੱਖਦੀਆਂ ਅਤੇ "ਮੁਸਲਿਮ ਭਾਈਚਾਰੇ ਦੇ ਹਿੱਤਾਂ ਨੂੰ ਗੰਭੀਰ ਨੁਕਸਾਨ ਪਹੁੰਚਾਉਣਗੀਆਂ।"

ਮੁੱਖ ਮੰਤਰੀ ਪਹਿਲਾਂ ਹੀ ਵਕ਼ਫ ਸੋਧ ਬਿੱਲ ਦਾ ਵਿਰੋਧ ਕਰ ਚੁੱਕੇ ਹਨ। ਉਨ੍ਹਾਂ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਦੇ ਨਿੱਜੀ ਦਖਲ ਦੀ ਮੰਗ ਕੀਤੀ ਅਤੇ ਕਿਹਾ ਕਿ ਕੁਝ ਦਿਨ ਪਹਿਲਾਂ, ਤਾਮਿਲਨਾਡੂ ਵਿਧਾਨ ਸਭਾ ਨੇ ਕੇਂਦਰ ਨੂੰ ਬਿੱਲ ਵਾਪਸ ਲੈਣ ਦੀ ਅਪੀਲ ਕਰਨ ਵਾਲਾ ਇੱਕ ਮਤਾ ਪਾਸ ਕੀਤਾ ਸੀ। ਸਟਾਲਿਨ ਨੇ ਕਿਹਾ ਕਿ ਮੌਜੂਦਾ ਵਕ਼ਫ ਐਕਟ ਦੇ ਉਪਬੰਧ ਸਮੇਂ ਦੀ ਪ੍ਰੀਖਿਆ 'ਤੇ ਖਰੇ ਉਤਰੇ ਹਨ ਅਤੇ ਵਕ਼ਫ ਜਾਇਦਾਦਾਂ ਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਵਕ਼ਫ ਐਕਟ ਵਿੱਚ ਪ੍ਰਸਤਾਵਿਤ ਸੋਧਾਂ ਵਕ਼ਫ ਜਾਇਦਾਦਾਂ ਦੇ ਪ੍ਰਬੰਧਨ ਅਤੇ ਸੁਰੱਖਿਆ ਵਿੱਚ ਵਕ਼ਫ ਬੋਰਡਾਂ ਦੀਆਂ ਸ਼ਕਤੀਆਂ ਅਤੇ ਜ਼ਿੰਮੇਵਾਰੀਆਂ ਨੂੰ ਕਮਜ਼ੋਰ ਕਰ ਦੇਣਗੀਆਂ।

ਮੁੱਖ ਮੰਤਰੀ ਨੇ ਇਹ ਵੀ ਦਾਅਵਾ ਕੀਤਾ ਕਿ ਮੌਜੂਦਾ ਐਕਟ ਵਿੱਚ ਪ੍ਰਸਤਾਵਿਤ ਵੱਡੇ ਪੱਧਰ 'ਤੇ ਸੋਧਾਂ ਇਸਦੀ ਮੂਲ ਭਾਵਨਾ ਨੂੰ ਕਮਜ਼ੋਰ ਕਰ ਦੇਣਗੀਆਂ।

Punjab TRAVELS
Special offer!
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।


ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5

SAVVY
iccrc crcic Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਜ਼ਨਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਸ਼੍ਰੋਮਣੀ ਕਮੇਟੀ ਵੱਲੋਂ ਬੱਜਟ ਇਜਲਾਸ ਵਿੱਚ ਅਮਿਤ ਸ਼ਾਹ ਵਿਰੁੱਧ ਪਾਏ ਗਏ ਮਤੇ ਦਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਕੀਤਾ ਧੰਨਵਾਦ



ਨਵੀਂ ਦਿੱਲੀ- ਪਿਛਲੇ ਦਿਨਾਂ ਵਿੱਚ ਭਾਰਤ ਦੇ ਗ੍ਰਿਹ ਮੰਤਰੀ ਅਮਿਤ ਸ਼ਾਹ ਵੱਲੋਂ ਰਾਜ ਸਭਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਬਾਰੇ ਅਪਸ਼ਬਦ ਬੋਲੇ ਸੀ ਜਿਸ ਦੀ ਸ਼ਿਕਾਇਤ ਪਿਛਲੇ ਦਿਨਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਦਿੱਤੀ ਗਈ ਸੀ ਜਿਸ ਤੇ ਵਿਚਾਰ ਕਰਦੇ ਸ਼੍ਰੋਮਣੀ ਕਮੇਟੀ ਨੇ ਬਜ਼ਟ ਇਜਲਾਸ ਵਿੱਚ ਅਮਿਤ ਸ਼ਾਹ ਦੇ ਵਿਰੋਧ ਵਿੱਚ ਮਤਾ ਪਾ ਕੇ ਨਿੰਦਾ ਕੀਤੀ ਹੈ।ਇਸ ਦਾ ਵਿਸ਼ੇਸ਼ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਅਸੀਂ ਜਿੱਥੇ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕਰਦੇ ਹਾਂ ਉਥੇ ਹੀ ਅੱਜ ਚਾਰ ਮੰਗਾਂ ਸ਼੍ਰੋਮਣੀ ਕਮੇਟੀ ਅੱਗੇ ਰੱਖੀਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਧੀਨ ਜਥੇਦਾਰ ਸਾਹਿਬ ਵੀ ਨਿਯੁਕਤ ਕੀਤੇ ਜਾਂਦੇ ਹਨ, 1947 ਤੋਂ ਬਾਅਦ 1979, 1996, 2004 ਅਤੇ 2011 ਵਿਚ ਹੀ ਚੋਣਾਂ ਹੋਈਆਂ ਹਨ। ਜਦੋਂ ਕਿ ਐਕਟ ਸੰਗਤ ਮਤਦਾਨ ਹਰੇਕ ਪੰਜ ਸਾਲ ਬਾਅਦ ਮੰਗਦਾ ਹੈ। ਇਹ ਆਮ ਜਮਹੂਰੀਅਤ ਦਾ ਨਿਯਮ ਹੈ ਕਿ ਸੰਗਤ ਦੇ ਕਹੇ ਤੇ ਹੀ ਸੇਵਾ ਸੰਭਾਲ ਸੌਂਪੀ ਜਾਂਦੀ ਹੈ । ਬਹੁਤ ਸਾਰੀਆਂ ਮੌਕੇ ਦੀਆਂ ਸਿੱਖ ਕੌਮ ਵਿੱਚ ਪਈਆਂ ਹੋਈਆਂ ਗੁੰਝਲਾਂ ਲਗਾਤਾਰ ਚੋਣ ਰਾਹੀਂ ਹੱਲ ਹੋ ਸਕਦੀਆਂ ਹਨ ਜਿਸ ਕਰਕੇ ਅਸੀ ਜਮਹੂਰੀਅਤ ਬਹਾਲੀ ਦੀ ਅਵਾਜ਼ ਬੁਲੰਦ ਕਰਨ ਦੀ ਬੇਨਤੀ ਕੀਤੀ ਹੈ। ਅਗਲੀ ਮੰਗ ਬਾਰੇ ਉਨ੍ਹਾਂ ਕਿਹਾ ਕਿ 40 ਸਾਲ 1984 ਦੇ ਸ੍ਰੀ ਦਰਬਾਰ ਸਾਹਿਬ ਤੇ ਹਮਲੇ ਤੋਂ ਬਾਅਦ ਸਿੱਖ ਕਤਲੇਆਮ ਅਤੇ ਘਣਾਉਣੇ ਕਨੂੰਨਾ ਦੇ ਜਬਰ ਅਧੀਨ ਸਿੱਖ ਕੋਮ ਜੀਵਨ ਬਸਰ ਕਰ ਰਹੀ ਹੈ। ਜਬਰ ਦੇ ਬਰਖਿਲਾਫ ਗੁਰੂ ਨਾਨਕ ਪਾਤਸ਼ਾਹ ਨੇ ਬਾਬਰ ਬਾਣੀ ਅਧੀਨ ਆਵਾਜ਼ ਚੱਕੀ ਸੀ ਆਪ ਜੀ ਨੂੰ ਬੇਨਤੀ ਹੈ ਇਸ ਵਾਰ 6 ਜੂਨ ਨੂੰ ਸਿੱਖਾਂ ਦੇ ਤਰਸਯੋਗ ਹਾਲਾਤਾਂ ਨੂੰ ਮੁੱਖ ਰੱਖਦਿਆਂ ਵੱਡੇ ਪੱਧਰ ਤੇ ਇਕੱਠ ਕਰਕੇ ਭਾਰਤ ਨੂੰ ਸਿੱਖਾਂ ਦੀਆਂ ਭਾਵਨਾਵਾਂ ਬਾਰੇ ਚਾਨਣਾ ਪਾਇਆ ਜਾਏ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਬਚਨ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਖਾਲਿਸਤਾਨ ਦਾ ਨੀਹ ਪੱਥਰ ਹੋਵੇਗਾ ਦੀ ਅਸਲੀਅਤ ਪ੍ਰਗਟਾਈ ਜਾਵੇ। ਉਨ੍ਹਾਂ ਕਿਹਾ ਜਿੱਥੇ ਭਾਰਤੀ ਨੀਤੀ ਰਾਹੀਂ ਨਇਜਾਜ਼ ਕਤਲੇਆਮ ਸਿੱਖਾ ਤੇ 1947 ਅਤੇ 1978 ਅਤੇ 1984, ਭਾਈ ਜਸਵੰਤ ਸਿੰਘ ਖਾਲੜਾ ਵੱਲੋਂ 25 ਹਜਾਰ ਲਾਵਾਰਿਸ ਲਾਸ਼ਾਂ ਦੀ ਜਾਂਚ ਕਰਕੇ ਲੋਕਾਂ ਸਾਹਮਣੇ ਰੱਖਣਾ ਤੇ ਪਿਛਲੇ ਦਿਨਾਂ ਵਿੱਚ ਆਰਐਸਐਸ, ਭਾਜਪਾ ਅਤੇ ਸਰਕਾਰ ਵੱਲੋਂ ਗੈਰ ਕਾਨੂੰਨੀ ਹੱਤਿਆ ਕਰਨ ਦਾ ਚੋਣਾਂ ਵਿੱਚ ਮੁੱਦਾ ਪ੍ਰਚਾਰਿਆ ਸੀ।ਅਮਰੀਕਾ ਅਤੇ ਕੈਨੇਡਾ ਦੀਆਂ ਸਰਕਾਰਾਂ ਨੇ ਇਸ ਦਾ ਕੇਸ ਦਰਜ ਕਰਕੇ ਪ੍ਰਧਾਨ ਮੰਤਰੀ ਦਫਤਰ, ਅਮਿਤ ਸ਼ਾਹ ਗ੍ਰਿਹ ਮੰਤਰੀ, ਰਾਜਨਾਥ ਸਿੰਘ, ਜੈ ਸ਼ੰਕਰ ਅਜੀਤ ਡੋਵਾਲ, ਸਮਿਤ ਕੁਮਾਰ ਗੋਇਲ ਰਾਅ ਦਾ ਮੁਖੀ, ਵਿਕਾਸ਼ ਯਾਦਵ, ਅਮਰੀਕਾ ਅਤੇ ਕੈਨੇਡਾ ਦੇ ਅੰਬੈਸਡਰ ਨੇ ਇਸ ਦਾ ਖੁਲਾਸਾ ਕੀਤਾ ਹੈ, ਇਹ ਕੇਸ ਸਬੂਤ ਬਣਦਾ ਹੈ। ਬਾਹਰਲੇ ਦੇਸ਼ਾਂ ਵਿੱਚ ਅਵਤਾਰ ਸਿੰਘ ਖੰਡਾ, ਹਰਦੀਪ ਸਿੰਘ ਨਿੱਝਰ, ਰਿਪਦੂਮਨ ਸਿੰਘ ਮਲਿਕ, ਸਖਦੂਲ ਸਿੰਘ ਅਤੇ ਪਾਕਿਸਤਾਨ ਵਿੱਚ ਅਨੇਕਾਂ ਸਿੱਖਾਂ ਅਤੇ ਹਰਿਆਣੇ ਵਿੱਚ ਦੀਪ ਸਿੰਘ ਸਿੱਧੂ, ਪੰਜਾਬ ਵਿੱਚ ਸਿੱਧੂ ਮੂਸੇਵਾਲਾ, ਅਤੇ ਗਰਪ੍ਰੀਤ ਸਿੰਘ ਹਰੀ ਨੌ ਨੂੰ ਸ਼ਹੀਦ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੂੰ ਇਸ ਗੰਭੀਰ ਮਾਮਲੇ ਤੇ ਵੀ ਮਤਾ ਪਾਣਾ ਚਾਹੀਦਾ ਹੈ । ਉਨ੍ਹਾਂ ਕਿਹਾ ਭਗਤਾਂ ਵਾਲੇ ਡੰਪ ਵਿੱਚੋਂ ਰਿਸਦਾ ਧਰਤੀ ਵਿੱਚ ਜਹਰੀਲਾ ਪਾਣੀ ਅੰਮ੍ਰਿਤਸਰ ਦੇ ਪੰਜ ਪਵਿੱਤਰ ਸਰੋਵਰਾਂ ਵਿੱਚ ਜਾ ਰਿਹਾ ਹੈ ਇਸ ਕਾਰਨ ਗੁਰੂ ਸਾਹਿਬ ਵੱਲੋਂ ਸਿਰਜੇ ਗਏ ਪਵਿੱਤਰ ਸਰੋਵਰਾਂ ਦੀ ਪਵਿੱਤਰਤਾ ਬਹਾਲ ਨਹੀਂ ਰਹਿੰਦੀ ਅਤੇ ਸਰੋਵਰਾਂ ਵਿੱਚ ਜਲ ਛਕਣ ਵਾਲੀਆਂ ਸੰਗਤਾਂ ਦੀ ਸਹਿਤ ਤੇ ਜਾਨ ਨੂੰ ਨੁਕਸਾਨ ਪਹੁੰਚਣ ਦਾ ਖਦਸਾ ਹੈ ਇਸ ਦੇ ਨਾਲ ਹੀ ਭਗਤਾਂ ਵਾਲੇ ਡੰਪ ਵਿੱਚੋਂ ਨਿਕਲ ਰਹੀਆਂ ਜਹਰੀਲੀਆਂ ਗੈਸਾਂ ਹਵਾਵਾਂ ਦੇ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਗੇ ਸੋਨਾ, ਚਾਂਦੀ, ਪੱਥਰ ਅਤੇ ਖੁਸਹਾਲ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ ਇਸ ਬਾਰੇ ਵੀ ਸ਼੍ਰੋਮਣੀ ਕਮੇਟੀ ਵਿਚਾਰ ਕਰਕੇ ਇਸ ਬਾਰੇ ਆਵਾਜ਼ ਬੁਲੰਦ ਕਰੇ।


**HI-PEAK Railing & Gates Ltd.**

Commercial & Residential





*Aluminium *Picket Railing *Glass Railing
*Driveway Gates *Window Security Bars
*Patio Covers *Aluminium Steps

**ਐਲੂਮਿਨੀਅਮ:** *ਪਿਕੇਟ ਰੇਲਿੰਗ *ਸ਼ੀਸ਼ੇ ਦੀ ਰੇਲਿੰਗ
*ਡਰਾਈਵਵੇਅ ਗੇਟਸ *ਵਿੰਡੋ ਸਕਿਓਰਟੀ ਬਾਰਸ
*ਪੈਟੀਓ ਕਵਰ *ਐਲੂਮਿਨੀਅਮ ਦੀਆਂ ਪੌੜੀਆਂ




**ਤਸੱਲੀਬਖਸ਼ ਸੇਵਾਵਾਂ ਅਤੇ ਵਧੀਆ ਰੇਟ ਲੈਣ ਸੰਪਰਕ ਕਰੋ**

Hi Peak Railings and Gates | Consumer Choice Award Abbotsford 2023

Call for more Info: **Ravi Singh**

**778-242-6974**

info@hipeakrailing.com www.hipeakrailing.com

703 Clearbrook Road, Abbotsford, BC V2T 5X1



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*4 ਅਪ੍ਰੈਲ ਦਿਨ ਸ਼ੁੱਕਰਵਾਰ ਹਰਪਾਲ ਸਿੰਘ ਸੋਹੀ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ।

*5 ਅਪ੍ਰੈਲ ਦਿਨ ਸ਼ਨਿੱਚਰਵਾਰ ਜੁਗਿੰਦਰ ਸਿੰਘ ਢਿੱਲੋਂ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਹੋਵੇਗੀ।

*6 ਅਪ੍ਰੈਲ ਦਿਨ ਐਤਵਾਰ ਸਵੇਰੇ ਅਖੰਡਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਹਫਤਾਵਾਰੀ ਦੀਵਾਨ ਸਜਣਗੇ।

*6 ਅਪ੍ਰੈਲ ਦਿਨ ਐਤਵਾਰ ਦੁਪਹਿਰ ਸੁਖਮਨੀ ਸਾਹਿਬ ਦੇ ਪਾਠ ਮਲਕ ਸਿੰਘ ਪਰਿਵਾਰ ਵੱਲੋਂ ਹੋਣਗੇ।

ਨੋਟ:ਸੰਗਤਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਗੁਰੂਘਰ ਤੋਂ ਲਾਈਵ ਪ੍ਰੋਗਰਾਮ 'ਸਾਂਝਾ ਟੀਵੀ' ਤੇ ਸ਼ੁਰੂ ਹੋ ਗਏ ਹਨ।








**ਰਾਗੀ ਜੱਥਾ**
ਭਾਈ ਗੁਰਧਿਆਨ ਸਿੰਘ
ਸੰਗਰੂਰ ਵਾਲੇ

**ਕਥਾਵਾਚਕ**
ਗਿਆਨੀ ਮਨਜੀਤ ਸਿੰਘ
ਮਸਤਾਨਾ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-413-7171

**ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ**

**ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171**

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਪ੍ਰਵਾਸੀਆਂ ਨੂੰ ਕਿਸੇ ਤੀਜੇ ਦੇਸ਼ ’ਚ ਡਿਪੋਰਟ ਨਹੀਂ ਕਰ ਸਕਣਗੇ ਟਰੰਪ, ਜੱਜ ਨੇ ਲਗਾਈ ਰੋਕ

ਵਾਸ਼ਿੰਗਟਨ-ਟਰੰਪ ਪ੍ਰਸ਼ਾਸਨ ਨੂੰ ਅਦਾਲਤ ਵੱਲੋਂ ਇਕ ਵੱਡਾ ਝਟਕਾ ਲੱਗਾ ਹੈ। ਇਮੀਗ੍ਰੇਸ਼ਨ ਕਾਰਵਾਈ ਵਿਚ ਡਿਪੋਰਟ ਲਈ ਨਿਰਧਾਰਿਤ ਦੇਸ਼ ਤੋਂ ਇਲਾਵਾ ਕਿਸੇ ਹੋਰ ਦੇਸ਼ ਵਿਚ ਪ੍ਰਵਾਸੀਆਂ ਨੂੰ ਡਿਪੋਰਟ ਕਰਨ ’ਤੇ ਅਦਾਲਤ ਨੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਡਿਪੋਰਟ ਕੀਤੇ ਜਾਣ ਵਾਲੇ ਵਿਅਕਤੀ ਨੂੰ ਲਿਖਤੀ ਨੋਟਿਸ ਅਤੇ ਦਾਅਵਾ ਪੇਸ਼ ਕਰਨ ਦਾ ਮੌਕਾ ਵੀ ਦਿੱਤਾ ਜਾਣਾ ਚਾਹੀਦਾ ਹੈ। ਹੁਣ ਤੱਕ, ਟਰੰਪ ਪ੍ਰਸ਼ਾਸਨ ਦੁਨੀਆ ਭਰ ਦੇ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਦੱਖਣੀ ਅਮਰੀਕੀ ਦੇਸ਼ਾਂ ਵਿਚ ਬਣੇ ਡਿਟੇਂਸ਼ਨ ਸੈਂਟਰਾਂ ਵਿਚ ਭੇਜਦਾ ਸੀ। ਅਦਾਲਤ ਦਾ ਕਹਿਣਾ ਹੈ ਕਿ ਬਿਨਾਂ ਨੋਟਿਸ ਅਤੇ ਗੱਲ ਕੀਤੇ ਬਿਨਾਂ ਪ੍ਰਵਾਸੀਆਂ ਨੂੰ ਭੇਜਿਆ ਗਿਆ ਤਾਂ ਉਨ੍ਹਾਂ ਨੂੰ ਉਤਪੀੜਨ ਅਤੇ ਯਾਤਨਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬੋਸਟਨ ਵਿਚ ਅਮਰੀਕੀ ਜ਼ਿਲ੍ਹਾ ਜੱਜ ਬ੍ਰਾਇਨ ਮਰਫੀ ਨੇ ਇਕ ਰਾਸ਼ਟਰੀ ਅਸਥਾਈ ਨਿਰੋਧਕ ਆਦੇਸ਼ ਜਾਰੀ ਕੀਤਾ। ਇਸ ਦਾ ਟੀਚਾ ਆਖ਼ਰੀ ਆਦੇਸ਼ ਅਧੀਨ ਪ੍ਰਵਾਸੀਆਂ ਨੂੰ ਇਮੀਗ੍ਰੇਸ਼ਨ ਕਾਰਵਾਈ ਦੌਰਾਨ ਪਹਿਲਾਂ ਤੋਂ ਚੁਣੇ ਗਏ ਦੇਸ਼ਾਂ ਤੋਂ ਇਲਾਵਾ ਹੋਰ ਦੇਸ਼ਾਂ ਵਿਚ ਤੁਰੰਤ ਡਿਪੋਰਟ ਹੋਣ ਤੋਂ ਬਚਾਉਣਾ ਹੈ। ਪ੍ਰਵਾਸੀਆਂ ਦੇ ਇਕ ਸਮੂਹ ਨੇ ਅਦਾਲਤ ਵਿਚ ਇਕ ਪਟੀਸ਼ਨ ਦਾਖਲ ਕੀਤੀ ਸੀ। ਇਸ ਵਿਚ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇੰਫੋਰਸਮੈਂਟ ਦੀ ਨੀਤੀ ਨੂੰ ਚੁਣੌਤੀ ਦਿੱਤੀ ਗਈ। ਨੀਤੀ ਅਨੁਸਾਰ, ਉਨ੍ਹਾਂ ਹਜ਼ਾਰਾਂ ਪ੍ਰਵਾਸੀਆਂ ਨੂੰ ਤੇਜ਼ੀ ਨਾਲ ਡਿਪੋਰਟ ਕਰਨਾ ਹੈ, ਜਿਨ੍ਹਾਂ ਨੂੰ ਪਹਿਲਾਂ ਹੀ ਹਿਰਾਸਤ ਤੋਂ ਰਿਹਾਈ ਮਿਲ ਚੁੱਕੀ ਹੈ।



18 ਫਰਵਰੀ ਨੂੰ ਅਧਿਕਾਰੀਆਂ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਹਿਰਾਸਤ ਤੋਂ ਰਿਹਾਈ ਪ੍ਰਾਪਤ ਵਿਅਕਤੀਆਂ ਦੇ ਸਾਰੇ ਮਾਮਲਿਆਂ ਦੀ ਸਮੀਖਿਆ ਕਰਨ। ਰਿਹਾਈ ਦੀ ਸ਼ਰਤਾਂ ਦਾ ਪਾਲਣ ਕਰਨ ਵਾਲੇ ਵਿਅਕਤੀਆਂ ਦੀ ਵੀ ਸਮੀਖਿਆ ਕਰਨ ਦਾ ਹੁਕਮ ਦਿੱਤਾ ਗਿਆ, ਤਾਂ ਜੋ ਉਨ੍ਹਾਂ ਨੂੰ ਹਿਰਾਸਤ ਵਿਚ ਲਿਆ ਜਾ ਸਕੇ ਅਤੇ ਕਿਸੇ ਤੀਜੇ ਦੇਸ਼ ਭੇਜਿਆ ਜਾ ਸਕੇ। ਪ੍ਰਵਾਸੀਆਂ ਦੇ ਵਕੀਲਾਂ ਦਾ ਤਰਕ ਹੈ ਕਿ ਇਸ ਨੀਤੀ ਕਾਰਨ ਬੇਹਿਸਾਬ ਲੋਕਾਂ ਨੂੰ ਅਜਿਹੇ ਦੇਸ਼ਾਂ ਵਿਚ ਡਿਪੋਰਟ ਕੀਤਾ ਜਾ ਸਕਦਾ ਹੈ, ਜਿੱਥੇ ਉਨ੍ਹਾਂ ਨੂੰ ਖਤਰੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਨੂੰ ਉੱਥੇ ਕੋਈ ਦਾਅਵਾ ਪੇਸ਼ ਕਰਨ ਦਾ ਮੌਕਾ ਵੀ ਨਹੀਂ ਮਿਲੇਗਾ।

ਜੱਜ ਮਰਫੀ ਨੂੰ ਜੋ ਬਾਇਡਨ ਨੇ ਨਿਯੁਕਤ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਯਾਤਨਾ ਖ਼?ਲਾਫ਼ ਸੰਵਿਧਾਨ ਦੇ ਅਧੀਨ ਪ੍ਰਵਾਸੀਆਂ ਨੂੰ ਉਨ੍ਹਾਂ ਦੇਸ਼ਾਂ ਵਿਚ ਭੇਜਣ ਖ਼?ਲਾਫ਼ ਸੁਰੱਖਿਆ ਪ੍ਰਾਪਤ ਹੈ, ਜਿੱਥੇ ਉਨ੍ਹਾਂ ਨੂੰ ਯਾਤਨਾ ਦੇ ਸੰਭਾਵਨਾ ਹੈ। ਨਿਆਂ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਕਿ ਅਮਰੀਕੀ ਲੋਕਾਂ ਨੇ ਰਾਸ਼ਟਰਪਤੀ ਟਰੰਪ ਨੂੰ ਚੁਣਿਆ ਹੈ। ਕਿਸੇ ਵੀ ਅਣਚੁਣੇ ਜੱਜ ਨੂੰ ਕਾਰਜਕਾਰੀ ਸ਼ਕਤੀ ਦਾ ਦੁਰਪ੍ਰਯੋਗ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ, ਖਾਸ ਕਰਕੇ ਰਾਸ਼ਟਰੀ ਸੁਰੱਖਿਆ ਦੇ ਮਾਮਲਿਆਂ ਵਿੱਚ।










# ਜਬਰ-ਜਨਾਹ ਮਾਮਲਾ:ਪਾਦਰੀ ਬਜਿੰਦਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ

ਮੁਹਾਲੀ:ਇੱਥੋਂ ਦੀ ਅਦਾਲਤ ਨੇ 2018 ਦੇ ਜਬਰ ਜਨਾਹ ਮਾਮਲੇ ਵਿਚ ਪਾਦਰੀ ਬਜਿੰਦਰ ਸਿੰਘ ਨੂੰ ਉਮਰ ਕੈਦ ਸਜ਼ਾ ਸੁਣਾਈ ਹੈ।



ਇਸ ਤੋਂ ਪਹਿਲਾਂ 28 ਮਾਰਚ ਨੂੰ ਪਾਸਟਰ ਬਜਿੰਦਰ ਸਿੰਘ ਨੂੰ ਮੁਹਾਲੀ ਦੀ ਇੱਕ ਅਦਾਲਤ ਨੇ 2018 ਦੇ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਦੋਸ਼ੀ ਪਾਇਆ ਹੈ ਤੇ ਐਲਨ ਕੀਤਾ ਸੀ ਕਿ ਉਸ ਨੂੰ ਸਜ਼ਾ ਪਹਿਲੀ ਅਪਰੈਲ ਨੂੰ ਸੁਣਾਈ ਜਾਵੇਗੀ।

ਜ਼ਿਕਰਯੋਗ ਹੈ ਕਿ ਇਹ ਮਾਮਲਾ 2018 ਵਿਚ ਜ਼ੀਰਕਪੁਰ ਦੀ ਇਕ ਪੀੜਤਾ ਦੁਆਰਾ ਪਾਸਟਰ ਵਿਰੁੱਧ ਜ਼ਬਰ ਜਨਾਹ ਦੇ ਲਗਾਏ ਦੋਸ਼ ਨਾਲ ਸਬੰਧਤ ਹੈ, ਪੀੜਤਾ ਨੇ ਦੋਸ਼ ਲਗਾਇਆ ਸੀ ਕਿ ਪਾਸਟਰ ਨੇ ਉਸ ਨੂੰ ਵਿਦੇਸ਼ ਲਿਜਾਣ ਦੇ ਬਹਾਨੇ ਉਸ ਨਾਲ ਬਿਨਾਂ ਸਹਿਮਤੀ ਦੇ ਸਬੰਧ ਬਣਾਏ ਸਨ।

ਉਸ ਨੇ ਦੋਸ਼ ਲਗਾਇਆ ਕਿ ਪਾਦਰੀ ਨੇ ਉਸਦੀ ਇਕ ਅਸ਼ਲੀਲ ਵੀਡੀਓ ਵੀ ਬਣਾਈ ਸੀ।

ਇਸ ਸਬੰਧੀ 20 ਅਪਰੈਲ 2018 ਨੂੰ ਜ਼ੀਰਕਪੁਰ ਪੁਲੀਸ ਸਟੇਸ਼ਨ ਵਿਚ ਆਈਪੀਸੀ ਅਤੇ ਆਈਟੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਇਕ ਐਫਆਈਆਰ ਦਰਜ ਕੀਤੀ ਗਈ ਸੀ।

ਬਜਿੰਦਰ ਸਿੰਘ ਤੋਂ ਇਲਾਵਾ ਪੰਜ ਹੋਰਾਂ (ਪਾਸਟਰ ਜਤਿੰਦਰ, ਪਾਸਟਰ ਅਕਬਰ, ਸੱਤਾਰ ਅਲੀ ਅਤੇ ਸੰਦੀਪ ਪਹਿਲਵਾਨ) ਨੂੰ ਵੀ ਇਸ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਸੀ।

## ਆਸਾਰਾਮ ਨੂੰ ਜ਼ਮਾਨਤ ਮਿਲਣ ਮਗਰੋਂ ਜਬਰ ਜਨਾਹ ਪੀੜਤਾ ਦੇ ਪਰਿਵਾਰ ਦੀ ਸੁਰੱਖਿਆ ਵਧਾਈ



ਸ਼ਾਹਜਹਾਂਪੁਰ-ਜਨਾਹ ਕੇਸ ’ਚ ਸਜ਼ਾ ਭੁਗਤ ਰਹੇ ਆਸਾਰਾਮ ਨੂੰ ਤਿੰਨ ਮਹੀਨੇ ਦੀ ਅੰਤਰਿਮ ਜ਼ਮਾਨਤ ਮਿਲਣ ਮਗਰੋਂ ਪੀੜਤਾ ਦੇ ਪਰਿਵਾਰ ਦੀ ਰਿਹਾਇਸ਼ ’ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਜਬਰ-ਜਨਾਹ ਪੀੜਤਾ ਦੇ ਪਰਿਵਾਰ, ਜਿਸ ਨੇ ਆਪਣੀ ਸੁਰੱਖਿਆ ਬਾਰੇ ਫ਼ਿਕਰ ਜਤਾਇਆ ਸੀ, ਨੂੰ ਹੁਣ ਜ਼ਿਲ੍ਹੇ ਤੋਂ ਬਾਹਰ ਜਾਣ ਤੋਂ ਪਹਿਲਾਂ ਪੁਲੀਸ ਨੂੰ ਸੂਚਨਾ ਦੇਣੀ ਪਵੇਗੀ। ਆਸਰਾਮ ਨੂੰ ਉਸ ਦੇ ਜੋਧਪੁਰ ਆਸ਼ਰਮ ’ਚ ਨਾਬਾਲਗ (16) ਦੇ ਜਿਨਸੀ ਸ਼ੋਸ਼ਣ ਮਗਰੋਂ 2013 ’ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸਾਲ 2018 ’ਚ ਦੋਸ਼ੀ ਠਹਿਰਾਏ ਜਾਣ ਮਗਰੋਂ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸ਼ਾਹਜਹਾਂਪੁਰ ਦੇ ਐੱਸਪੀ ਰਾਜੇਸ਼ ਦਿਵੇਦੀ ਨੇ ਦੱਸਿਆ ਕਿ ਆਸਾਰਾਮ ਨੂੰ ਤਿੰਨ ਮਹੀਨੇ ਦੀ ਅੰਤਰਿਮ ਜ਼ਮਾਨਤ ਮਿਲਣ ਮਗਰੋਂ ਅਧਿਕਾਰੀਆਂ ਨੇ ਮਾਮਲੇ ਦਾ ਖ਼ੁਦ ਨੋਟਿਸ ਲਿਆ ਅਤੇ ਜਬਰ-ਜਨਾਹ ਪੀੜਤਾ ਦੇ ਪਰਿਵਾਰ ਦੀ ਸੁਰੱਖਿਆ ਵਧਾ ਦਿੱਤੀ ਹੈ। ਮੌਜੂਦਾ ਸਮੇਂ ਪੀੜਤਾ ਦੀ ਰਿਹਾਇਸ਼ ’ਤੇ ਇੱਕ ਗਾਰਡ ਤਾਇਨਾਤ ਹੈ ਜਦਕਿ ਉਸ ਦੇ ਪਿਤਾ ਤੇ ਭਰਾ ਨੂੰ ਨਿੱਜੀ ਗਾਰਡ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਅਜ਼ੀਜ਼ਪੁਰ ਚੌਕੀ ਦੀ ਪੁਲੀਸ ਨੂੰ ਪੀੜਤਾ ਦੀ ਰਿਹਾਇਸ਼ ’ਤੇ ਨਿਗਰਾਨੀ ਰੱਖਣ ਲਈ ਆਖਿਆ ਗਿਆ ਹੈ।

## ਦਲਾਈ ਲਾਮਾ ਵੱਕਾਰੀ ‘ਗੋਲਡ ਮਰਕਰੀ ਐਵਾਰਡ’ ਨਾਲ ਸਨਮਾਨਿਤ

ਧਰਮਸ਼ਾਲਾ- ਤਿੱਬਤੀ ਧਾਰਮਿਕ ਆਗੂ ਦਲਾਈ ਲਾਮਾ ਨੂੰ ਸ਼ਾਂਤੀ ਤੇ ਸਥਿਰਤਾ ਕਾਇਮ ਕਰਨ ਲਈ ਪਾਏ ਯੋਗਦਾਨ ਬਦਲੇ ਵੱਕਾਰੀ ‘ਗੋਲਡ ਮਰਕਰੀ ਐਵਾਰਡ’ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਦੇਣ ਸਬੰਧੀ ਸਮਾਗਮ ਉਨ੍ਹਾਂ ਦੀ ਧਰਮਸ਼ਾਲਾ ਸਥਿਤ ਰਿਹਾਇਸ਼ ‘ਤੇ ਕਰਵਾਇਆ ਗਿਆ। ਇਹ ਪੁਰਸਕਾਰ ਗੋਲਡ ਮਰਕਰੀ ਇੰਟਰਨੈਸ਼ਨਲ ਵੱਲੋਂ ਦਿੱਤਾ ਗਿਆ, ਜੋ ਇੱਕ ਆਲਮੀ ਪੱਧਰ ਦੀ ਸੰਸਥਾ ਤੇ ਕੌਮਾਂਤਰੀ ਐੱਨ.ਜੀ.ਓ. ਹੈ, ਜੋ ਸ਼ਾਂਤੀ, ਸ਼ਾਸਨ ਤੇ ਸਥਿਰ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਕਾਰਜਸ਼ੀਲ ਹੈ। ਸੰਸਥਾ ਦੇ ਪ੍ਰਧਾਨ ਨਿਕੋਲਸ ਡੀ ਸੈਂਟਡਸ ਨੇ ਕਿਹਾ, ‘ਦਲਾਈ ਲਾਮਾ ਇੱਕ ਅਜਿਹੇ ਆਗੂ ਹਨ, ਜਿਨ੍ਹਾਂ ਦੇ ਗਿਆਨ, ਦਇਆ ਤੇ ਸ਼ਾਂਤੀ ਪ੍ਰਤੀ ਅਟੁੱਟ ਸਮਰਪਣ ਨੇ ਦੁਨੀਆਂ ਨੂੰ ਪ੍ਰੇਰਿਤ ਕੀਤਾ ਹੈ।


A TO Z DRIVING SCHOOL

# ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



# PACIFIC NURSERIES

ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ



*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September

*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

ONLY FOR WHOLESALERS

TO BOOK YOUR ORDER CONTACT:
778-552-0305

# ਵਕਫ਼ ਬਿੱਲ ਜਾਇਦਾਦ ਨਾਲ ਸਬੰਧਿਤ, ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ:ਰਿਜਿਜੂ

ਨਵੀਂ ਦਿੱਲੀ:ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਦੁਪਹਿਰ ਕਰੀਬ 12 ਵਜੇ ਲੋਕ ਸਭਾ ਵਿੱਚ ਸਾਂਝੀ ਸੰਸਦੀ ਕਮੇਟੀ ਵੱਲੋਂ ਪ੍ਰਸਤਾਵਿਤ ਵਕਫ਼ (ਸੋਧ) ਬਿੱਲ, 2025 ਵਿਚਾਰਨ ਅਤੇ ਪਾਸ ਕਰਨ ਲਈ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਸਾਂਝੀ ਸੰਸਦੀ ਕਮੇਟੀ ਵੱਲੋਂ ਪ੍ਰਸਤਾਵਿਤ ਕੀਤਾ ਗਿਆ ਇਹ ਬਿੱਲ ਮਾਹਿਰਾਂ ਦੀ ਰਾਇ ਮਗਰੋਂ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਹੈ। ਰਿਜਿਜੂ ਨੇ ਕਿਹਾ ਕਿ ਵਕਫ਼ ਬਿੱਲ ਦਾ ਨਾਮ ਬਦਲ ਕੇ ਯੂਨੀਫਾਈਡ ਵਕਫ਼ ਮੈਨੇਜਮੈਂਟ ਸਸ਼ਕਤੀਕਰਨ, ਕੁਸ਼ਲਤਾ ਅਤੇ ਵਿਕਾਸ ਬਿੱਲ ਰੱਖਿਆ ਜਾਵੇਗਾ।

ਸਾਂਝੀ ਸੰਸਦੀ ਕਮੇਟੀ ਵੱਲੋਂ ਪ੍ਰਸਤਾਵਿਤ ਬਿੱਲ ਪੇਸ਼ ਕਰਦਿਆਂ ਰਿਜਿਜੂ ਨੇ ਕਿਹਾ ਕਿ ਬਿੱਲ ਦਾ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਸਗੋਂ ਇਹ ਸਿਰਫ਼ ਜਾਇਦਾਦਾਂ ਨਾਲ ਸਬੰਧਿਤ ਹੈ। ਰਿਜਿਜੂ ਨੇ ਵਿਰੋਧੀ ਧਿਰ ਦੇ ਰੌਲੇ-ਰੱਪੇ ਦੌਰਾਨ ਕਿਹਾ, ''ਸਰਕਾਰ ਕਿਸੇ ਵੀ ਧਾਰਮਿਕ ਸੰਸਥਾ ਵਿੱਚ ਦਖ਼ਲ ਨਹੀਂ ਦੇਵੇਗੀ। ਯੂਪੀਏ ਸਰਕਾਰ ਵੱਲੋਂ ਵਕਫ਼ ਕਾਨੂੰਨ ਵਿੱਚ ਕੀਤੇ ਗਏ ਬਦਲਾਅ ਨੇ ਇਸ ਨੂੰ ਹੋਰ ਕਾਨੂੰਨਾਂ 'ਤੇ ਵੱਧ ਪ੍ਰਭਾਵੀ ਬਣਾ ਦਿੱਤਾ, ਇਸ ਲਈ ਨਵੀਆਂ ਸੋਧਾਂ ਦੀ ਲੋੜ ਸੀ।

ਉਨ੍ਹਾਂ ਕਿਹਾ, ''ਤੁਸੀਂ (ਵਿਰੋਧੀ ਧਿਰ) ਨੇ ਉਨ੍ਹਾਂ ਮੁੱਦਿਆਂ 'ਤੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ, ਜੋ ਵਕਫ਼ ਬਿੱਲ ਦਾ ਹਿੱਸਾ ਨਹੀਂ ਹਨ।''

ਰਿਜਿਜੂ ਨੇ ਦਾਅਵਾ ਕੀਤਾ ਕਿ ਸਾਂਝੀ ਸੰਸਦੀ ਕਮੇਟੀ ਦੀ ਸਲਾਹ-ਮਸ਼ਵਰਾ ਪ੍ਰਕਿਰਿਆ ਭਾਰਤ ਦੇ ਲੋਕਤੰਤਰੀ ਇਤਿਹਾਸ ਵਿੱਚ ਕਿਸੇ ਸੰਸਦੀ ਕਮੇਟੀ ਵੱਲੋਂ ਕੀਤੀ ਗਈ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਸੀ।

ਉਨ੍ਹਾਂ ਕਿਹਾ ਕਿ ਜੇਪੀਸੀ ਨੂੰ ਭੌਤਿਕ ਅਤੇ ਆਨਲਾਈਨ ਫਾਰਮੈਟਾਂ ਰਾਹੀਂ 97.27 ਲੱਖ ਤੋਂ ਵੱਧ ਪਟੀਸ਼ਨਾਂ, ਮੈਮੋਰੰਡਮ ਪ੍ਰਾਪਤ ਹੋਏ ਸਨ ਅਤੇ ਜੇਪੀਸੀ ਨੇ ਆਪਣੀ ਰਿਪੋਰਟ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਉਨ੍ਹਾਂ ਵਿੱਚੋਂ ਹਰੇਕ ਨੂੰ ਦੇਖਿਆ ਸੀ। ਮੰਤਰੀ ਨੇ ਕਿਹਾ ਕਿ 25 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਵਕਫ਼ ਬੋਰਡਾਂ ਤੋਂ ਇਲਾਵਾ 284 ਵਫ਼ਦਾਂ ਨੇ ਬਿੱਲ 'ਤੇ ਆਪਣੇ ਵਿਚਾਰ ਪੇਸ਼ ਕੀਤੇ ਹਨ।

ਮੰਤਰੀ ਨੇ ਕਿਹਾ ਕਿ ਜੇਪੀਸੀ ਨੂੰ ਭੌਤਿਕ ਅਤੇ ਆਨਲਾਈਨ ਫਾਰਮੈਟ ਰਾਹੀਂ 97.27 ਲੱਖ ਤੋਂ ਵੱਧ ਪਟੀਸ਼ਨਾਂ ਅਤੇ ਮੰਗ ਪੱਤਰ ਪ੍ਰਾਪਤ ਹੋਏ ਸਨ ਅਤੇ ਕਮੇਟੀ ਨੇ ਆਪਣੀ ਰਿਪੋਰਟ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਉਨ੍ਹਾਂ ਵਿੱਚੋਂ ਹਰੇਕ ਨੂੰ ਦੇਖਿਆ ਸੀ। ਉਨ੍ਹਾਂ ਕਿਹਾ ਕਿ 25 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਵਕਫ਼ ਬੋਰਡ ਤੋਂ ਇਲਾਵਾ 284 ਵਫ਼ਦਾਂ ਨੇ ਬਿੱਲ 'ਤੇ ਵਿਚਾਰ ਪੇਸ਼ ਕੀਤੇ।

ਰਿਜਿਜੂ ਨੇ ਕਿਹਾ ਕਿ ਕਾਨੂੰਨੀ ਮਾਹਿਰਾਂ, ਚੈਰੀਟੇਬਲ ਸੰਗਠਨਾਂ, ਸਿੱਖਿਆ ਸ਼ਾਸਤਰੀਆਂ ਅਤੇ ਧਾਰਮਿਕ ਆਗੂਆਂ ਸਣੇ ਹੋਰਾਂ ਨੇ ਵੀ ਆਪਣੀ ਰਾਇ ਰੱਖੀ। ਉਨ੍ਹਾਂ ਕਿਹਾ, ''ਰੇਲਵੇ ਅਤੇ ਰੱਖਿਆ ਤੋਂ ਬਾਅਦ ਵਕਫ਼ ਦੇਸ਼ ਵਿੱਚ ਜਾਇਦਾਦ ਦੇ ਤੀਜੇ ਸਭ ਤੋਂ ਵੱਡੇ ਹਿੱਸੇ ਨੂੰ ਕੰਟਰੋਲ ਕਰ ਰਿਹਾ ਹੈ। ਰੇਲਵੇ ਅਤੇ ਰੱਖਿਆ ਜਾਇਦਾਦਾਂ ਦੇਸ਼ ਦੀਆਂ ਹਨ ਪਰ ਵਕਫ਼ ਜਾਇਦਾਦ ਨਿੱਜੀ ਹੈ। ਰੇਲਵੇ ਅਤੇ ਹਥਿਆਰਬੰਦ ਬਲਾਂ ਦੇ ਜ਼ਮੀਨੀ ਬੈਂਕਾਂ ਨਾਲ ਉਨ੍ਹਾਂ ਦੀ ਤੁਲਨਾ ਕਰਨਾ ਅਣਉੱਚਿਤ ਹੈ।''

ਉਨ੍ਹਾ ਕਿਹਾ, ''ਇਨ੍ਹਾਂ ਜਾਇਦਾਦਾਂ ਦੀ ਵਰਤੋਂ ਆਮ ਮੁਸਲਮਾਨਾਂ ਦੀ ਭਲਾਈ ਲਈ ਕਰਨੀ ਪਵੇਗੀ।'' ਉਨ੍ਹਾਂ ਕਿਹਾ ਕਿ 2004 ਤੱਕ ਵਕਫ਼ ਕੋਲ ਕੁੱਲ 4.9 ਲੱਖ ਜਾਇਦਾਦਾਂ ਸਨ ਅਤੇ ਉਨ੍ਹਾਂ ਦੀ ਆਮਦਨ ਸਿਰਫ਼ 163 ਕਰੋੜ ਰੁਪਏ ਸੀ।

ਮੰਤਰੀ ਨੇ ਕਿਹਾ ਕਿ 2013 ਦੀ ਸੋਧ ਤੋਂ ਬਾਅਦ ਆਮਦਨ ਸਿਰਫ਼ ਤਿੰਨ ਕਰੋੜ ਰੁਪਏ ਵਧ ਕੇ 166 ਕਰੋੜ ਰੁਪਏ ਹੋ ਗਈ ਹੈ। ਰਿਜਿਜੂ ਨੇ ਕਿਹਾ, ''ਅਸੀਂ ਜਾਇਦਾਦਾਂ ਦੇ ਇੰਨੇ ਵੱਡੇ ਬੈਂਕ ਤੋਂ ਇੰਨੀ ਮਾਮੂਲੀ ਆਮਦਨ ਨੂੰ ਸਵੀਕਾਰ ਨਹੀਂ ਕਰ ਸਕਦੇ। ਆਮਦਨ ਘੱਟੋ-ਘੱਟ 12,000 ਕਰੋੜ ਰੁਪਏ ਹੋਣੀ ਚਾਹੀਦੀ ਸੀ। ਵਕਫ਼ ਜਾਇਦਾਦ ਦੀ ਵਰਤੋਂ ਗਰੀਬ ਮੁਸਲਮਾਨਾਂ ਲਈ ਕੀਤੀ ਜਾਣੀ ਚਾਹੀਦੀ ਹੈ, ਅਤੇ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਵਕਫ਼ ਬਿੱਲ ਦੀ ਲੋੜ ਹੈ।''

ਮੰਤਰੀ ਨੇ ਕਿਹਾ ਕਿ ਇਹ ਕਾਨੂੰਨ ਕਿਸੇ ਦੀ ਜਾਇਦਾਦ ਨਹੀਂ ਖੋਹੇਗਾ। ਉਨ੍ਹਾਂ ਕਿਹਾ ਕਿ ਜਦੋਂ 2019 ਵਿੱਚ ਨਾਗਰਿਕਤਾ (ਸੋਧ) ਐਕਟ ਲਾਗੂ ਕੀਤਾ ਗਿਆ ਸੀ ਤਾਂ ਵਿਰੋਧੀ ਧਿਰ ਨੇ ਦਾਅਵਾ ਕੀਤਾ ਸੀ ਕਿ ਮੁਸਲਮਾਨਾਂ ਦੇ ਅਧਿਕਾਰ ਖੋਹ ਲਏ ਜਾਣਗੇ, ਅਤੇ ਉਨ੍ਹਾਂ ਦੇ ਨਾਗਰਿਕਤਾ ਅਧਿਕਾਰ ਖੋਹ ਲਏ ਜਾਣਗੇ। ਰਿਜਿਜੂ ਨੇ ਕਿਹਾ ''ਹੁਣ ਮੈਨੂੰ ਦੱਸੋ, ਸੀਏਏ ਲਾਗੂ ਹੋਣ ਤੋਂ ਬਾਅਦ ਕਿੰਨੇ ਮੁਸਲਮਾਨਾਂ ਦੇ ਨਾਗਰਿਕਤਾ ਅਧਿਕਾਰ ਖੋਹੇ ਗਏ ਹਨ? ਇੱਕ ਵੀ ਨਹੀਂ। ਤੁਹਾਨੂੰ ਸੀਏਏ 'ਤੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਮੁਆਫੀ ਮੰਗਣੀ ਚਾਹੀਦੀ ਹੈ। ਦੇਸ਼ ਯੁੱਗਾਂ ਤੱਕ ਯਾਦ ਰੱਖੇਗਾ ਕਿ ਕੌਣ ਵਕਫ਼ ਬਿੱਲ ਦਾ ਸਮਰਥਨ ਕਰ ਰਿਹਾ ਹੈ ਅਤੇ ਕੌਣ ਵਿਰੋਧ ਕਰ ਰਿਹਾ ਹੈ।''

ਮੰਤਰੀ ਨੇ ਕਿਹਾ ਕਿ ਵਕਫ਼ ਬਿੱਲ ਦਾ ਨਾਮ ਬਦਲ ਕੇ ਯੂਨੀਫਾਈਡ ਵਕਫ਼ ਮੈਨੇਜਮੈਂਟ ਐਂਪਾਵਰਮੈਂਟ ਐਫੀਸ਼ਿਐਂਸੀ ਐਂਡ ਡਿਵੈੱਲਪਮੈਂਟ ਬਿੱਲ ਰੱਖਿਆ ਜਾਵੇਗਾ। ਰਿਜਿਜੂ ਨੇ ਕਿਹਾ ਕਿ ਹੁਣ ਤੱਕ, ਕੁੱਲ ਵਕਫ਼ ਜਾਇਦਾਦਾਂ ਦੀ ਗਿਣਤੀ ਲਗਭਗ 8.72 ਲੱਖ ਹੈ ਅਤੇ ਜੇਕਰ ਉਨ੍ਹਾਂ ਦਾ ਪ੍ਰਬੰਧਨ ਕੁਸ਼ਲਤਾ ਨਾਲ ਕੀਤਾ ਜਾਂਦਾ, ਤਾਂ ਨਾ ਸਿਰਫ਼ ਮੁਸਲਮਾਨਾਂ ਦੀ, ਸਗੋਂ ਪੂਰੇ ਦੇਸ਼ ਦੀ ਕਿਸਮਤ ਬਦਲ ਜਾਂਦੀ।

ਰਾਜ ਸਰਕਾਰਾਂ ਨੂੰ ਸੌਂਪੀ ਗਈ ਸ਼ਕਤੀ ਦਾ ਹਵਾਲਾ ਦਿੰਦਿਆਂ ਰਿਜਿਜੂ ਨੇ ਕਿਹਾ ਕਿ ਵਕਫ਼ ਬੋਰਡ ਰਾਜਾਂ ਦੁਆਰਾ ਨਿਯੁਕਤ ਕੀਤੇ ਜਾਣਗੇ।

ਮੰਤਰੀ ਨੇ ਕਿਹਾ, ''ਰਾਜ ਸਰਕਾਰਾਂ ਕੋਲ ਪੂਰਾ ਅਧਿਕਾਰ ਹੋਵੇਗਾ ਕਿਉਂਕਿ ਜ਼ਮੀਨ ਇੱਕ ਰਾਜ ਦਾ ਵਿਸ਼ਾ ਹੈ। ਬੋਰਡ ਪੂਰੀ ਤਰ੍ਹਾਂ ਰਾਜ ਸਰਕਾਰਾਂ ਦੇ ਅਧੀਨ ਹੋਣਗੇ, ਅਤੇ ਕੇਂਦਰ ਸਰਕਾਰ ਦਾ ਉਨ੍ਹਾਂ 'ਤੇ ਕੋਈ ਨਿਯੰਤਰਣ ਨਹੀਂ ਹੋਵੇਗਾ।''ਉਨ੍ਹਾਂ ਕਿਹਾ ਕਿ ਬਿੱਲ ਵਿੱਚ ਇੱਕ ਵਿਸ਼ੇਸ਼ ਵਿਵਸਥਾ ਸ਼ਾਮਲ ਕੀਤੀ ਗਈ ਹੈ ਕਿ ਕਬਾਇਲੀ ਖੇਤਰਾਂ ਵਿੱਚ ਕਿਸੇ ਵੀ ਜਾਇਦਾਦ ਨੂੰ



ਵਕਫ਼ ਜਾਇਦਾਦ ਵਜੋਂ ਐਲਾਨਿਆ ਨਹੀਂ ਕੀਤਾ ਜਾ ਸਕਦਾ। ਮੰਤਰੀ ਨੇ ਕਿਹਾ ਕਿ ਮੂਲ ਐਕਟ ਦੀ ਧਾਰਾ 40 'ਸਭ ਤੋਂ ਸਖ਼ਤ' ਹੈ, ਜੋ ਵਕਫ਼ ਬੋਰਡ ਨੂੰ ਜਾਂਚ ਕਰਨ ਅਤੇ ਇਹ ਫੈਸਲਾ ਕਰਨ ਦਾ ਅਧਿਕਾਰ ਦਿੰਦੀ ਹੈ ਕਿ ਕੀ ਕੋਈ ਜਾਇਦਾਦ ਵਕਫ਼ ਜਾਇਦਾਦ ਹੈ। ਉਨ੍ਹਾਂ ਕਿਹਾ ਕਿ ਸੀਮਾ ਐਕਟ, 1963, ਹੁਣ ਵਕਫ਼ ਜਾਇਦਾਦ ਦੇ ਦਾਅਵਿਆਂ 'ਤੇ ਲਾਗੂ ਹੋਵੇਗਾ, ਜਿਸ ਨਾਲ ਲੰਬੇ ਸਮੇਂ ਤੱਕ ਚੱਲਦੇ ਮੁਕੱਦਮੇਬਾਜ਼ੀ ਨੂੰ ਘਟਾਇਆ ਜਾਵੇਗਾ।

ਰਿਜਿਜੂ ਨੇ ਇੱਕ ਹੋਰ ਮੁਸਲਮਾਨ ਵਕਫ਼ (ਪ੍ਰਤੀਨਿਧੀ) ਬਿੱਲ ਵੀ ਪੇਸ਼ ਕੀਤਾ। ਬਿੱਲ ਅਨੁਸਾਰ ਕਿਸੇ ਵੀ ਕਾਨੂੰਨ ਅਧੀਨ ਮੁਸਲਮਾਨਾਂ ਦੁਆਰਾ ਬਣਾਏ ਗਏ ਟਰੱਸਟਾਂ ਨੂੰ ਹੁਣ ਵਕਫ਼ ਨਹੀਂ ਮੰਨਿਆ ਜਾਵੇਗਾ, ਜਿਸ ਨਾਲ ਟਰੱਸਟਾਂ 'ਤੇ ਪੂਰਾ ਨਿਯੰਤਰਣ ਯਕੀਨੀ ਬਣਾਇਆ ਜਾਵੇਗਾ। ਬਿੱਲ ਦੇ ☞




AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

www.akalisinghgurdwara.ca

Email: akalisinghsikhsociety@gmail.com

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਸਭ ਸੰਗਤਾਂ ਵਲੋਂ ਖਾਲਸੇ ਦਾ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਉਣ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋ-ਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਹੋ ਰਹੇ ਹਨ। ਇਸ ਦਿਹਾੜੇ ਤੇ ਸਾਰੀ ਸੇਵਾ ਭਾਈ ਸੋਹਨ ਸਿੰਘ ਤੇ ਬੀਬੀ ਮੋਹਿੰਦਰ ਕੌਰ ਮੇਟ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਲਈ ਕੀਤੀ ਜਾ ਰਹੀ ਹੈ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ- 11 ਅਪ੍ਰੈਲ 2025, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- 13 ਅਪ੍ਰੈਲ 2025, ਦਿਨ ਐਤਵਾਰ ਸਵੇਰੇ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਕੀਰਤਨੀਏ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੌਰਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਆਪ ਜੀ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

2 ਅਪ੍ਰੈਲ, ਦਿਨ ਬੁੱਧਵਾਰ.........ਬਾਅਦ ਦੁਪਹਿਰ 4:30 ਵਜੇ ਸਵ. ਭਾਈ ਸੰਤੋਖ ਸਿੰਘ ਸਹੋਤਾ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

3 ਅਪ੍ਰੈਲ, ਦਿਨ ਵੀਰਵਾਰ.........ਸਵੇਰੇ 12:30 ਵਜੇ ਸਵ. ਬੀਬੀ ਚਿੰਤੀ ਰੇਸ਼ਮ ਕੌਰ ਮੇਟ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

5 ਅਪ੍ਰੈਲ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਨੰਬਰ ਦੇ ਨੰਬਰ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਬਲਵਿੰਦਰ ਕੌਰ ਖਗ ਤੇ ਪਰਿਵਾਰ ਵਲੋਂ ਕੀਤੀ ਜਾਵੇਗੀ।

5 ਅਪ੍ਰੈਲ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਸਿਮਰਨ ਕੌਰ ਅਤੇ ਪਰਿਵਾਰ ਵਲੋਂ ਹੋਵੇਗੀ।

6 ਅਪ੍ਰੈਲ, ਦਿਨ ਐਤਵਾਰ.........ਸਵੇਰ ਨੂੰ ਸਵ. ਬਜ਼ੁਰਗਾਂ ਦੀ ਯਾਦ ਵਿਚ ਦੀਵਾਨ ਸਜਣਗੇ, ਲੰਗਰ ਦੀ ਸੇਵਾ ਸਰਾਏ ਪਰਿਵਾਰ ਅਤੇ ਮੰਡ ਪਰਿਵਾਰ ਵਲੋਂ ਹੋਵੇਗੀ।

11 ਅਪ੍ਰੈਲ, ਦਿਨ ਸ਼ੁੱਕਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।

11,12,13 ਅਪ੍ਰੈਲ ਖਾਲਸੇ ਦਾ ਜਨਮ ਦਿਹਾੜਾ ਮਨਾਉਣ ਹਿਤ ਸ੍ਰੀ ਅਖੰਡ ਪਾਠ ਸਾਹਿਬ ਹੋਣਗੇ, ਲੰਗਰ ਦੀ ਸੇਵਾ ਸੋਹਣ ਸਿੰਘ ਮੇਟ ਅਤੇ ਪਰਿਵਾਰ ਵਲੋਂ ਹੋਵੇਗੀ।

12 ਅਪ੍ਰੈਲ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਇੰਦਰਜੀਤ ਕੌਰ ਮਾਹਲ ਅਤੇ ਪਰਿਵਾਰ ਵਲੋਂ ਹੋਵੇਗੀ।

18, 19, 20 ਅਪ੍ਰੈਲ ਸ੍ਰੀ ਅਖੰਡ ਪਾਠ ਦੀ ਸੇਵਾ ਭਾਈ ਮੋਹਿੰਦਰ ਸਿੰਘ ਮਿਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।

19 ਅਪ੍ਰੈਲ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਲੰਗਰ ਦੀ ਸੇਵਾ ਭਾਈ ਰਛਪਾਲ ਸਿੰਘ ਸੰਘੇੜਾ ਅਤੇ ਪਰਿਵਾਰ ਵਲੋਂ ਹੋਵੇਗੀ।

ਅੰਮ੍ਰਿਤ ਸੰਚਾਰ: 12 ਅਪ੍ਰੈਲ 2025, ਦਿਨ ਸ਼ਨਿੱਚਰਵਾਰ ਨੂੰ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਵੇਗਾ। ਅੰਮ੍ਰਿਤ ਅਭਿਲਾਖੀ ਆਪਣੇ ਨਾਮ ਪ੍ਰਬੰਧਕਾਂ ਪਾਸ ਲਿਖਵਾਉਣ ਦੀ ਕ੍ਰਿਪਾਲਤਾ ਕਰਨ ਜੀ।

ਨਿਸ਼ਾਨ ਸਾਹਿਬ ਦੀ ਸੇਵਾ: 13 ਅਪ੍ਰੈਲ 2025, ਦਿਨ ਐਤਵਾਰ ਨੂੰ ਬਾਅਦ ਦੁਪਹਿਰ 1:00 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲੀ ਕੀਤਾ ਜਾਵੇਗਾ। ਸਰਬੱਤ ਸੰਗਤ ਨੂੰ ਬੇਨਤੀ ਹੈ ਕਿ ਇਸ ਸਮੇਂ ਵੀ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਰਾਗੀ ਜਥਾ: ਭਾਈ ਰਕਮ ਸਿੰਘ ਕਾਨ੍ਹਪੁਰ ਵਾਲੇ, ਭਾਈ ਅਜੀਤ ਸਿੰਘ ਦੇਹਰਾਦੂਨ ਵਾਲੇ ਕੀਰਤਨ ਕਰਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੈਂਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

☞ ਅਨੁਸਾਰ 2013 ਤੋਂ ਪਹਿਲਾਂ ਦੇ ਨਿਯਮਾਂ ਨੂੰ ਬਹਾਲ ਕਰਦਿਆਂ ਸਿਰਫ਼ ਅਭਿਆਸ ਕਰਨ ਵਾਲੇ ਮੁਸਲਮਾਨ (ਘੱਟੋ-ਘੱਟ ਪੰਜ ਸਾਲਾਂ ਲਈ) ਆਪਣੀ ਜਾਇਦਾਦ ਵਕਫ਼ ਨੂੰ ਸਮਰਪਿਤ ਕਰ ਸਕਦੇ ਹਨ।

ਇਸ ਤੋਂ ਇਲਾਵਾ ਵਿਧਵਾਵਾਂ, ਤਲਾਕਸ਼ੁਦਾ ਔਰਤਾਂ ਅਤੇ ਅਨਾਥਾਂ ਲਈ ਵਿਸ਼ੇਸ਼ ਪ੍ਰਬੰਧਾਂ ਦੇ ਨਾਲ ਔਰਤਾਂ ਨੂੰ ਵਕਫ਼ ਐਲਾਨ ਤੋਂ ਪਹਿਲਾਂ ਆਪਣੀ ਜਾਇਦਾਦ ਪ੍ਰਾਪਤ ਕਰਨੀ ਚਾਹੀਦੀ ਹੈ। ਬਿੱਲ ਇਹ ਵੀ ਪ੍ਰਸਤਾਵ ਕਰਦਾ ਹੈ ਕਿ ਕੁਲੈਕਟਰ ਦੇ ਰੈਂਕ ਤੋਂ ਉੱਪਰ ਦਾ ਇੱਕ ਅਧਿਕਾਰੀ ਵਕਫ਼ ਵਜੋਂ ਦਾਅਵਾ ਕੀਤੀਆਂ ਗਈਆਂ ਸਰਕਾਰੀ ਜਾਇਦਾਦਾਂ ਦੀ ਜਾਂਚ ਕਰੇਗਾ। ਵਿਵਾਦਾਂ ਦੇ ਮਾਮਲੇ ਵਿੱਚ ਸੀਨੀਅਰ ਸਰਕਾਰੀ ਅਧਿਕਾਰੀ ਕੋਲ ਅੰਤਿਮ ਫ਼ੈਸਲਾ ਹੋਵੇਗਾ ਕਿ ਕੋਈ ਜਾਇਦਾਦ ਵਕਫ਼ ਦੀ ਹੈ ਜਾਂ ਸਰਕਾਰ ਦੀ।

ਇਹ ਮੌਜੂਦਾ ਪ੍ਰਣਾਲੀ ਦੀ ਥਾਂ ਲੈਂਦਾ ਹੈ ਜਿੱਥੇ ਵਕਫ਼ ਟ੍ਰਿਬਿਊਨਲਾਂ ਦੁਆਰਾ ਅਜਿਹੇ ਫ਼ੈਸਲੇ ਲਏ ਜਾਂਦੇ ਹਨ।

ਇਸ ਦੇ ਨਾਲ ਹੀ ਬਿੱਲ ਪ੍ਰਸਤਾਵਿਤ ਕਰਦਾ ਹੈ ਕਿ ਗੈਰ-ਮੁਸਲਿਮ ਮੈਂਬਰਾਂ ਨੂੰ ਕੇਂਦਰੀ ਅਤੇ ਰਾਜ ਵਕਫ਼ ਬੋਰਡਾਂ ਵਿੱਚ ਸਮਾਵੇਸ਼ ਲਈ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਸਪੀਕਰ ਓਮ ਬਿਰਲਾ ਨੇ ਵਿਰੋਧੀ ਧਿਰ ਦੇ ਇਤਰਾਜ਼ਾਂ ਨੂੰ ਰੱਦ ਕਰ ਦਿੱਤਾ ਕਿ ਸਰਕਾਰ ਕੋਲ ਸੋਧੇ ਹੋਏ ਬਿੱਲ ਵਿੱਚ ਨਵੇਂ ਪ੍ਰਬੰਧ ਸ਼ਾਮਲ ਕਰਨ ਦੀ ਕੋਈ ਸ਼ਕਤੀ ਨਹੀਂ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਬਿੱਲ ਨੂੰ ਜੇਪੀਸੀ ਦੁਆਰਾ ਕੀਤੇ ਗਏ ਸਲਾਹ-ਮਸ਼ਵਰੇ ਦੀ ਇੱਕ ਲੰਬੀ ਪ੍ਰਕਿਰਿਆ ਤੋਂ ਬਾਅਦ ਪੇਸ਼ ਕੀਤਾ ਗਿਆ ਸੀ। ਸ਼ਾਹ ਨੇ ਕਿਹਾ ਕਿ ਬਿੱਲ ਨੂੰ ਪਹਿਲੀ ਵਾਰ ਅਗਸਤ, 2024 ਵਿੱਚ ਪੇਸ਼ ਕੀਤਾ ਗਿਆ ਸੀ ਜਿਸ ਤੋਂ ਬਾਅਦ ਸਦਨ ਦੀ ਮੰਗ ਅਨੁਸਾਰ ਇਸ ਨੂੰ ਜੇਪੀਸੀ ਨੂੰ ਭੇਜਿਆ ਗਿਆ ਸੀ, ਜਿਸ ਨੇ ਇਸ 'ਤੇ ਲੰਬਾ ਵਿਚਾਰ-ਵਟਾਂਦਰੇ ਕੀਤਾ। ਜੇਪੀਸੀ ਰਿਪੋਰਟ ਨੂੰ ਸਦਨ ਵਿੱਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਕੇਂਦਰੀ ਕੈਬਨਿਟ ਦੁਆਰਾ ਮਨਜ਼ੂਰੀ ਦੇ ਦਿੱਤੀ ਗਈ ਸੀ।

ਸ਼ਾਹ ਨੇ ਕਿਹਾ, ''ਇਹ ਇੱਕ ਲੋਕਤੰਤਰੀ ਕਮੇਟੀ ਹੈ।

ਇਸ ਕਮੇਟੀ ਨੇ ਕਾਂਗਰਸ ਦੁਆਰਾ ਗਠਿਤ ਕਮੇਟੀ ਵਾਂਗ ਕੰਮ ਨਹੀਂ ਕੀਤਾ। ਇਸ ਨੇ ਸਹੀ ਪ੍ਰਕਿਰਿਆ ਅਤੇ ਸਲਾਹ-ਮਸ਼ਵਰੇ ਦੀ ਪਾਲਣਾ ਕੀਤੀ।''


Bhola
Car Seat Cover Ltd.
Specialize in Custom & Universal Seat Covers
• Leather Car Seat Covers
• Leather Truck Covers
• Truck Lino
• ਲੈਦਰ ਕਾਰ ਸੀਟ ਕਵਰ
• ਲੈਦਰ ਟਰੱਕ ਕਵਰ
• ਟਰੱਕ ਲਾਇਨੋ

Great Deals On CAR MATS & ACCESSORIES
ਪਿਛਲੇ 30 ਸਾਲਾਂ ਤੋਂ ਸੀਟ-ਕਵਰ ਬਿਜਨਸ 'ਚ

Call:Simranjeet Singh
778-926-2662
#104-13119-84Ave, Surrey, BC

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

A1 PROMOTIONS SINCE 2004
Grow Your Business with
A1 PROMOTIONS.
ਏ ਵੰਨ ਪਰੋਮੋਸ਼ਨਸ
Torphy Awards
Custom T Shirts
Team Uniforms
Custom Printed Tents, Flags
ਕਸਟਮ ਪਰਿੰਟਡ ਟੀ ਸ਼ਰਟਾਂ, ਜਰਸੀਆਂ, ਜੈਕਟਾਂ
ਵਿਆਹ ਸ਼ਾਦੀ ਦੇ ਸਾਈਨ ਸਕੂਲ ਯੂਨੀਫੌਰਮ
www.a1promotions.ca
604-763-1500
13375-72 AVE SURREY, BC
sales@a1promotions.ca
Mon - Fri 9:30 am to 5:30 pm Sat 10 am - 5 pm

# ਅਮਰੀਕੀ ਅਦਾਲਤ ਨੇ ਪੰਨੂ ਦੇ ਦਾਅਵੇ ਨੂੰ ਕੀਤਾ ਖਾਰਜ

ਨਿਊਯਾਰਕ: ਅਮਰੀਕਾ ਦੀ ਇਕ ਅਦਾਲਤ ਨੇ ਗੁਰਪਤਵੰਤ ਸਿੰਘ ਪੰਨੂ ਦੇ ਇਸ ਦਾਅਵੇ ਨੂੰ ਖਾਰਜ ਕਰ ਦਿਤਾ ਹੈ ਕਿ ਕੌਮੀ ਸੁਰੱਖਿਆ ਸਲਾਹਕਾਰ (ਐਨ.ਐਸ.ਏ.) ਅਜੀਤ ਡੋਭਾਲ ਨੂੰ ਫ਼ਰਵਰੀ ’ਚ ਵਾਸ਼ਿੰਗਟਨ ਦੌਰੇ ਦੌਰਾਨ ਕੋਈ ਸ਼ਿਕਾਇਤ ਨਹੀਂ ਦਿੱਤੀ ਗਈ ਸੀ।ਅਮਰੀਕੀ ਜ਼ਿਲ੍ਹਾ ਜੱਜ ਕੈਥਰੀਨ ਪੋਲਕ ਫੈਲਾ ਨੇ ਹਾਲ ਹੀ ਦੇ ਹੁਕਮ ’ਚ ਕਿਹਾ, ‘‘ਅਦਾਲਤ ਨੇ ਉਪਰੋਕਤ ਚਿੱਠੀ ਦੀ ਸਮੀਖਿਆ ਕੀਤੀ ਹੈ। ਪਤਾ ਲਗਦਾ ਹੈ ਕਿ ਸੇਵਾ ਪੂਰੀ ਨਹੀਂ ਹੋਈ ਸੀ। ਅਦਾਲਤ ਦੇ ਹੁਕਮ ਮੁਤਾਬਕ ਹੋਟਲ ਪ੍ਰਬੰਧਨ ਦੇ ਕਿਸੇ ਮੈਂਬਰ ਜਾਂ ਸਟਾਫ ਜਾਂ ਸੁਰੱਖਿਆ ਪ੍ਰਦਾਨ ਕਰਨ ਵਾਲੇ ਕਿਸੇ ਅਧਿਕਾਰੀ ਜਾਂ ਏਜੰਟ ਨੂੰ ਸ਼ਿਕਾਇਤ ਨਹੀਂ ਦਿਤੀ ਗਈ।’’

ਪੰਨੂ ਨੇ ਡੋਭਾਲ ਅਤੇ ਇਕ ਹੋਰ ਭਾਰਤੀ ਨਾਗਰਿਕ ਨਿਖਿਲ ਗੁਪਤਾ ਵਿਰੁਧ ਸਿਵਲ ਮੁਕੱਦਮਾ ਦਾਇਰ ਕੀਤਾ ਹੈ। ਫੈਡਰਲ ਪ੍ਰੋਸੀਕਿਊਟਰਾਂ ਨੇ ਗੁਪਤਾ ’ਤੇ ਅਮਰੀਕੀ ਧਰਤੀ ’ਤੇ ਪੰਨੂ ਨੂੰ ਮਾਰਨ ਦੀ ਨਾਕਾਮ ਸਾਜ਼ਸ਼ ’ਚ ਭਾਰਤ ਸਰਕਾਰ ਦੇ ਇਕ ਕਰਮਚਾਰੀ ਨਾਲ ਕੰਮ ਕਰਨ ਦਾ ਦੋਸ਼ ਲਾਇਆ ਹੈ।ਪੰਨੂ ਨੇ ਅਦਾਲਤ ਦੇ ਦਸਤਾਵੇਜ਼ਾਂ ਵਿਚ ਦਾਅਵਾ ਕੀਤਾ ਸੀ ਕਿ ਜਦੋਂ ਡੋਭਾਲ 12-13 ਫ਼ਰਵਰੀ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਿਲਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਵਾਸ਼ਿੰਗਟਨ ਵਿਚ ਸਨ ਤਾਂ ਉਨ੍ਹਾਂ ਨੇ ਕੌਮੀ ਸੁਰੱਖਿਆ ਸਲਾਹਕਾਰ (ਐਨ.ਐਸ.ਏ.) ਨੂੰ ਸ਼ਿਕਾਇਤ ਦੇਣ ਲਈ ਦੋ ‘ਪ੍ਰੋਸੈਸ ਸਰਵਰ’ ਅਤੇ ਇਕ ਜਾਂਚਕਰਤਾ ਦੀ ਨਿਯੁਕਤੀ ਕੀਤੀ ਸੀ।ਪਹਿਲੀ ਵਾਰ 12 ਫ਼ਰਵਰੀ ਨੂੰ ਰਾਸ਼ਟਰਪਤੀ ਦੇ ਗੈਸਟ ਹਾਊਸ ਬਲੇਅਰ ਹਾਊਸ ’ਚ ਡੋਭਾਲ ਨੂੰ ਸ਼ਿਕਾਇਤ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਜਿੱਥੇ ਮੋਦੀ ਅਤੇ ਉਨ੍ਹਾਂ ਦਾ ਵਫ਼ਦ ਡਿਪਟੀ ਕਮਿਸ਼ਨਰ ਦੇ ਦੌਰੇ ਦੌਰਾਨ ਠਹਿਰਿਆ ਹੋਇਆ ਸੀ।

ਪੰਨੂ ਨੇ ਅਦਾਲਤ ਦੇ ਦਸਤਾਵੇਜ਼ਾਂ ਵਿਚ ਕਿਹਾ ਕਿ ਬਲੇਅਰ ਹਾਊਸ ਵਿਚ ਮਹੱਤਵਪੂਰਣ ਸੁਰੱਖਿਆ ਸੀ ਅਤੇ ਇਸ ਵਿਚ ਬੈਰੀਕੇਡ ਲਗਾਏ ਗਏ ਸਨ ਅਤੇ ਇਕੋ-ਇਕ ਚੌਕੀ ਦੀ ਸੁਰੱਖਿਆ ਖੁਫ਼ੀਆ ਸਰਵਿਸ ਏਜੰਟਾਂ ਵਲੋਂ ਕੀਤੀ ਗਈ ਸੀ। ਸ਼ਿਕਾਇਤ ਦੇਣ ਵਾਲੇ ਵਿਅਕਤੀ ਨੇ ਇਕ ਏਜੰਟ ਨਾਲ ਸੰਪਰਕ ਕੀਤਾ ਅਤੇ ਦਸਿਆ ਕਿ ਉਹ ਡੋਭਾਲ ਬਾਰੇ ਕਾਨੂੰਨੀ ਦਸਤਾਵੇਜ਼ ਪੇਸ਼ ਕਰਨ ਲਈ ਉੱਥੇ ਸੀ ਅਤੇ ਐਨ.ਐਸ.ਏ. ਦੇ ਠਹਿਰਨ ਦੌਰਾਨ ਉਸ ਕੋਲ ਖੁਫ਼ੀਆ ਸਰਵਿਸ ਦੇ ਕਿਸੇ ਵੀ ਮੈਂਬਰ ਨੂੰ ਸੁਰੱਖਿਆ ਪ੍ਰਦਾਨ ਕਰਨ ਵਾਲੇ ਦਸਤਾਵੇਜ਼ਾਂ ਦੀ ਸੇਵਾ ਦੀ ਇਜਾਜ਼ਤ ਦੇਣ ਦਾ ਅਦਾਲਤ ਦਾ ਹੁਕਮ ਸੀ।ਪੰਨੂ ਨੇ ਅਦਾਲਤ ਦੇ ਦਸਤਾਵੇਜ਼ਾਂ ਵਿਚ ਕਿਹਾ ਕਿ ਉਸ ਨੇ ਖੁਫ਼ੀਆ ਸਰਵਿਸ ਏਜੰਟ ਨੂੰ ਅਦਾਲਤ ਦੇ ਹੁਕਮ ਦੀ ਕਾਪੀ ਵਿਖਾਈ ਪਰ ਏਜੰਟ ਨੇ ਕੋਈ ਵੀ ਦਸਤਾਵੇਜ਼ ਮਨਜ਼ੂਰ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਵਿਅਕਤੀ ਨੂੰ ਚੈੱਕਪੁਆਇੰਟ ਛੱਡਣ ਲਈ ਕਿਹਾ। ਪੰਨੂ ਨੇ ਕਿਹਾ ਕਿ ਜਿਸ ਵਿਅਕਤੀ ਨੂੰ ਉਸ ਨੇ ਸ਼ਿਕਾਇਤ ਦੇਣ ਲਈ ਨਿਯੁਕਤ ਕੀਤਾ ਸੀ, ਉਸ ਨੂੰ ਡਰ ਸੀ ਕਿ ਜੇ ਉਸ ਨੇ ਅੱਗੇ ਕੋਈ ਕਾਰਵਾਈ ਕੀਤੀ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।ਅਗਲੇ ਦਿਨ 13 ਫ਼ਰਵਰੀ ਨੂੰ ਇਕ ਹੋਰ ਵਿਅਕਤੀ ਨੇ ਬਲੇਅਰ ਹਾਊਸ ਵਿਚ ਡੋਭਾਲ ਨੂੰ ਦਸਤਾਵੇਜ਼ ਦੇਣ ਦੀ ਕੋਸ਼ਿਸ਼ ਕੀਤੀ ਪਰ ਇਕ ਸਾਰਜੈਂਟ ਸਮੇਤ ਖੁਫ਼ੀਆ ਸਰਵਿਸ ਦੇ ਤਿੰਨ ਏਜੰਟਾਂ ਨੇ ਉਨ੍ਹਾਂ ਨੂੰ ਬਲੇਅਰ ਹਾਊਸ ਦੇ ਬਾਹਰ ਜਾਂਚ ਚੌਕੀ ’ਤੇ ਰੋਕ ਦਿਤਾ, ਉਨ੍ਹਾਂ ਨੂੰ ਚੈੱਕਪੁਆਇੰਟ ਤੋਂ ਅੱਗੇ ਜਾਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿਤਾ ਅਤੇ ਕੋਈ ਵੀ ਦਸਤਾਵੇਜ਼ ਮਨਜ਼ੂਰ ਕਰਨ ਤੋਂ ਇਨਕਾਰ ਕਰ ਦਿਤਾ।

ਵਿਅਕਤੀ ਨੇ ਏਜੰਟਾਂ ਨੂੰ ਕਿਹਾ ਕਿ ਉਹ ਸਰਵਿਸ ਦਸਤਾਵੇਜ਼ਾਂ ਵਾਲਾ ਲਿਫਾਫਾ ਉਨ੍ਹਾਂ ਦੇ ਸਾਹਮਣੇ ਜ਼ਮੀਨ ’ਤੇ ਰੱਖ ਦੇਵੇਗਾ ਪਰ ਇਕ ਏਜੰਟ ਨੇ ਉਸ ਨੂੰ ਕਿਹਾ ਕਿ ਜੇ ਉਹ ਦਸਤਾਵੇਜ਼ ਜ਼ਮੀਨ ’ਤੇ ਛੱਡ ਦਿੰਦਾ ਹੈ ਤਾਂ ਏਜੰਟ ਉਸ ਨੂੰ ਗ੍ਰਿਫਤਾਰ ਕਰ ਲੈਣਗੇ।ਇਸ ਤੋਂ ਬਾਅਦ ਵਿਅਕਤੀ ਨੇ ਦਸਤਾਵੇਜ਼ਾਂ ਨੂੰ ਬਲੇਅਰ ਹਾਊਸ ਨੇੜੇ ਇਕ ਕੌਫੀ ਸਟੋਰ ’ਤੇ ਛੱਡ ਦਿਤਾ ਅਤੇ ਸੀਕ੍ਰੇਟ ਸਰਵਿਸ ਏਜੰਟਾਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਵਾਪਸ ਲੈ ਕੇ ਡੋਭਾਲ ਨੂੰ ਦੇ ਦੇਣ। ਅਦਾਲਤ ਦੇ ਦਸਤਾਵੇਜ਼ਾਂ ਵਿਚ ਪੰਨੂ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਡੋਭਾਲ ਨੂੰ ਸ਼ਿਕਾਇਤ ਦੇਣ ਦੀ ਪ੍ਰਕਿਰਿਆ ਪੂਰੀ ਕਰ ਲਈ ਹੈ, ਜਿਸ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ।

## ਸਰਕਾਰ ਆਪਣੀਆਂ ਨਾਕਾਮੀਆਂ ’ਤੇ ਪਰਦਾ ਪਾਉਣ ਲਈ ਵਕ਼ਫ ਬਿੱਲ ਲਿਆਈ:ਅਖਿਲੇਸ਼

ਨਵੀਂ ਦਿੱਲੀ, 2 ਅਪਰੈਲ:ਨਾਕਾਮੀਆਂ ’ਤੇ ਪਰਦਾ ਪਾਉਣ ਲਈ ਸਰਕਾਰ ਵਕ਼ਫ (ਸੋਧ) ਬਿੱਲ ਲੈ ਕੇ ਆਈ ਅਤੇ ਇਹ ਸੱਤਾਧਾਰੀ ਭਾਜਪਾ ਦਾ ‘ਸਿਆਸੀ ਹੱਠ’ ਹੈ ਅਤੇ ‘ਉਸ ਦੀ ਸੰਪਰਦਾਇਕ ਸਿਆਸਤ ਦਾ ਨਵਾਂ ਰੂਪ ਹੈ।’ਉਨ੍ਹਾਂ ਬਿੱਲ ’ਤੇ ਚਰਚਾ ਵਿੱਚ ਹਿੱਸਾ ਲੈਂਦਿਆਂ ਕਿਹਾ ਕਿ ਵਕ਼ਫ ਨਾਲ ਜੁੜੇ ਜਿਨ੍ਹਾਂ ਮੁੱਦਿਆਂ ’ਤੇ ਫ਼ੈਸਲਾ ਲਿਆ ਜਾਣਾ ਸੀ, ਉਨ੍ਹਾਂ ਨੂੰ ਬਿੱਲ ਵਿੱਚ ਅਹਿਮੀਅਤ ਨਹੀਂ ਦਿੱਤੀ ਗਈ ਹੈ।ਅਖਿਲੇਸ਼ ਨੇ ਨੋਟਬੰਦੀ ਦੇ ਕੇਂਦਰ ਦੇ ਫ਼ੈਸਲੇ ’ਤੇ ਤਨਜ਼ ਕੱਸਦਿਆਂ ਕਿਹਾ, ‘‘ਬਹੁਤ ਤਿਆਰੀ ਨਾਲ ਆਏ ਸੀ, ਫ਼ੈਸਲਾ ਲਿਆ ਸੀ ਕਿ ਅੱਧੀ ਰਾਤ ਤੋਂ ਬਾਅਦ ਨੋਟ ਨਹੀਂ ਚੱਲਣਗੇ ਪਰ ਹੁਣ ਵੀ ਕਈ ਥਾਵਾਂ ਤੋਂ ਕਿੰਨੇ ਨੋਟ ਮਿਲ ਰਹੇ ਹਨ।’’ ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਬੇਰੁਜ਼ਗਾਰੀ ਦੂਰ ਕਰਨ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ ਕੀਤੇ ਸੀ, ਉਨ੍ਹਾਂ ਦਾ ਕੀ ਹੋਇਆ।

ਅਖਿਲੇਸ਼ ਨੇ ਕਿਹਾ, ‘‘ਕੀ ਗੰਗਾ ਨਦੀ ਸਾਫ਼ ਹੋ ਗਈ, ਯਮੁਨਾ ਨਦੀ ਸਾਫ਼ ਹੋ ਗਈ। ਕੀ ਗੋਦ ਲਏ ਗਏ ਪਿੰਡ ਕੁੱਛੜੋਂ ਲਾਹ ਦਿੱਤੇ। ਉਨ੍ਹਾਂ ਦੀ ਅੱਜ ਦਸ਼ਾ ਕੀ ਹੈ?’’

ਸਮਾਜਵਾਦੀ ਪਾਰਟੀ ਮੁਖੀ ਨੇ ਕਿਹਾ, ‘‘ਨਾਕਾਮੀ ’ਤੇ ਪਰਦਾ ਐਤਕੀਂ ਵਕ਼ਫ ਬਿੱਲ ਬਣਿਆ ਹੈ।’’ ਉਨ੍ਹਾਂ ਕਿਹਾ ਕਿ ਕੀ ਰੇਲਵੇ ਅਤੇ ਰੱਖਿਆ ਮੰਤਰੀ ਦੀ ਜ਼ਮੀਨ ਨਹੀਂ ਵੇਚੀ ਜਾ ਰਹੀ। ਅਖਿਲੇਸ਼ ਨੇ ਕਿਹਾ, ‘‘ਵਕ਼ਫ ਦੀ ਜ਼ਮੀਨ ਨਾਲੋਂ ਵੱਡਾ ਮੁੱਦਾ ਉਹ ਜ਼ਮੀਨ ਹੈ, ਜਿਸ ’ਤੇ ਚੀਨ ਨੇ ਆਪਣੇ ਪਿੰਡ ਵਸਾ ਲਏ ਹਨ ਪਰ ਕੋਈ ਵੀ ਇਸ ਬਾਹਰੀ ਖ਼ਤਰੇ ’ਤੇ ਸਵਾਲ ਨਾ ਕਰੇ, ਇਸ ਲਈ ਇਹ ਬਿੱਲ ਲਿਆਂਦਾ ਗਿਆ।’’ਉਨ੍ਹਾਂ ਕਿਹਾ, ‘‘ਮੰਤਰੀ ਜੀ (ਕਿਰਨ ਰਿਜਿਜੂ) ਉਸੇ ਸਰਹੱਦੀ ਸੂਬੇ ਅਰੁਣਾਚਲ ਪ੍ਰਦੇਸ਼ ਤੋਂ ਹਨ। ਉਹ ਦੱਸਣ ਕਿ ਕਿੰਨੀ ਜ਼ਮੀਨ ’ਤੇ ਚੀਨ ਨੇ ਪਿੰਡ ਵਸਾ ਲਏ ਹਨ।’’ ਉਨ੍ਹਾਂ ਕਿਹਾ, ‘‘ਵਕ਼ਫ ਬਿੱਲ ਭਾਜਪਾ ਦਾ ਸਿਆਸੀ ਹੱਠ ਹੈ ਅਤੇ ਉਹ ਭਾਜਪਾ ਦੀ ਸੰਪਰਦਾਇਕ ਸਿਆਸਤ ਦਾ ਇੱਕ ਨਵਾਂ ਰੂਪ ਹੈ।’’ ਅਖਿਲੇਸ਼ ਨੇ ਦੋਸ਼ ਲਾਇਆ, ‘‘ਸਰਕਾਰ (ਵਕ਼ਫ) ਜ਼ਮੀਨ ਨੂੰ ਕਾਬੂ ਹੇਠ ਲੈ ਕੇ ਇਸ ਨੂੰ ਪਿਛਲੇ ਦਰਵਾਜ਼ਿਓਂ ਆਪਣੇ ਲੋਕਾਂ ਨੂੰ ਦੇਣਾ ਚਾਹੁੰਦੀ ਹੈ।’’

## ਡੱਲੇਵਾਲ ਨੇ ਮਰਨ ਵਰਤ ਖਤਮ ਨਹੀਂ ਕੀਤਾ:ਕਿਸਾਨ ਆਗੂ



ਚੰਡੀਗੜ੍ਹ: ਕਿਸਾਨ ਆਗੂ ਅਭਿਮਨਿਊ ਕੋਹਾੜ ਨੇ ਸ਼ਨਿੱਚਰਵਾਰ ਨੂੰ ਕਿਹਾ ਪੰਜਾਬ ਦੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਆਪਣਾ ਅਣਮਿੱਥੇ ਸਮੇਂ ਲਈ ਸ਼ੁਰੂ ਕੀਤਾ ਮਰਨ ਵਰਤ ਖਤਮ ਨਹੀਂ ਕੀਤਾ ਹੈ, ਭਾਵੇਂ ਕਿ ਉਨ੍ਹਾਂ ਨੇ ਪਿਛਲੇ ਹਫ਼ਤੇ ਸੂਬਾ ਪੁਲੀਸ ਦੁਆਰਾ ਹਿਰਾਸਤ ਵਿਚ ਲਏ ਗਏ ਕਿਸਾਨਾਂ ਨੂੰ ਵੱਖ-ਵੱਖ ਜੇਲ੍ਹਾਂ ਤੋਂ ਰਿਹਾਅ ਕਰਨ ਤੋਂ ਬਾਅਦ ਇਕ ਗਲਾਸ ਪਾਣੀ ਪੀਤਾ ਸੀ।

ਪੰਜਾਬ ਸਰਕਾਰ ਨੇ ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਨੂੰ ਦੱਸਿਆ ਕਿ ਡੱਲੇਵਾਲ ਨੇ ਪਾਣੀ ਸਵੀਕਾਰ ਕੀਤਾ ਅਤੇ ਆਪਣਾ ਵਰਤ ਤੋੜ ਦਿੱਤਾ।ਪੰਜਾਬ ਸਰਕਾਰ ਦੇ ਦਾਅਵਿਆਂ ਦਾ ਵਿਰੋਧ ਕਰਦੇ ਹੋਏ ਕੋਹਾੜ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਡੱਲੇਵਾਲ ਨੇ ਸਪੱਸ਼ਟ ਕੀਤਾ ਸੀ ਕਿ ਉਹ ਸਾਰੇ ਕਿਸਾਨਾਂ ਦੀ ਰਿਹਾਈ ਤੋਂ ਬਾਅਦ ਹੀ ਪਾਣੀ ਪੀਣਗੇ ਅਤੇ ਡੱਲੇਵਾਲ ਨੇ ਕਿਸਾਨ ਆਗੂਆਂ ਦੀ ਰਿਹਾਈ ਤੋਂ ਬਾਅਦ ਇਕ ਗਲਾਸ ਪਾਣੀ ਪੀਤਾ ਹੈ। ਉਨ੍ਹਾਂ ਕਿਹਾ, ਫ਼ਲਦਤੁੋਅਸੀਂ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਇਕ ਗਲਤ ਪ੍ਰਭਾਵ ਪਾਇਆ ਜਾ ਰਿਹਾ ਸੀ ਕਿ ਡੱਲੇਵਾਲ ਨੇ ਆਪਣਾ ਅਣਮਿੱਥੇ ਸਮੇਂ ਲਈ ਮਰਨ ਵਰਤ ਖਤਮ ਕਰ ਦਿੱਤਾ ਹੈ। ਉਨ੍ਹਾਂ ਦੀ ਭੁੱਖ ਹੜਤਾਲ ਜਾਰੀ ਹੈ।


**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

RM TRIAL LAWYERS

MANDEEP RANDHAWA LAW CORPORATION

**T 604 449 7500**

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca



Mandeep Randhawa,
*B.Sc., L.L.B (UBC)*

# ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਨਿਰਦੇਸ਼ ਦੇਣ ਬਾਰੇ ਪਟੀਸ਼ਨ ਖਾਰਜ

ਨਵੀਂ ਦਿੱਲੀ- ਸੁਪਰੀਮ ਕੋਰਟ ਨੇ ਇੱਕ ਕਾਰਕੁਨ ਦੀ ਪਟੀਸ਼ਨ ਖਾਰਜ ਕਰ ਦਿੱਤੀ, ਜਿਸ 'ਚ ਉਸ ਨੇ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਪਰਾਲੀ ਸਾੜਨ ਦੇ ਮਾਮਲਿਆਂ ਨਾਲ ਨਜਿੱਠਣ ਲਈ ਸਖ਼ਤ ਕਦਮ ਚੁੱਕਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ। ਜਸਟਿਸ ਅਭੈ ਐੱਸ. ਓਕਾ ਤੇ ਜਸਟਿਸ ਉੱਜਲ ਭੁਈਆਂ ਦੇ ਬੈਂਚ ਨੇ ਕਿਹਾ, 'ਜਦੋਂ ਇਹ ਅਦਾਲਤ ਪਰਾਲੀ ਸਾੜਨ ਦੇ ਮਾਮਲਿਆਂ 'ਤੇ ਕਈ ਹੁਕਮ ਪਾਸ ਕਰ ਚੁੱਕੀ ਹੈ ਅਤੇ ਹਾਲੇ ਵੀ ਇਸ ਮਾਮਲੇ 'ਤੇ ਵਿਚਾਰ ਕਰ ਰਹੀ ਹੈ, ਤਾਂ ਅਸੀਂ ਵੱਖ-ਵੱਖ ਧਿਰਾਂ ਨੂੰ ਦਖਲ ਦੇਣ ਅਤੇ ਨਿਰਦੇਸ਼ ਦੇਣ ਲਈ ਅਰਜ਼ੀ ਦਾਇਰ ਕਰਨ ਦੀ ਇਜਾਜ਼ਤ ਨਹੀਂ ਦੇਣਾ ਚਾਹੁੰਦੇ, ਇਸ ਲਈ ਪਟੀਸ਼ਨ ਖਾਰਜ ਕੀਤੀ ਜਾਂਦੀ ਹੈ।' ਵਾਤਾਵਰਣ ਕਾਰਕੁਨ ਵਿਕਰਾਂਤ ਤੌਂਗੜ ਵੱਲੋਂ ਦਾਇਰ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਅਪ੍ਰੈਲ-ਮਈ 'ਚ ਪਰਾਲੀ ਸਾੜਨ ਕਾਰਨ ਪੈਦਾ ਹੋਣ ਵਾਲਾ ਪ੍ਰਦੂਸ਼ਣ ਨਾ ਸਿਰਫ਼ ਦਿੱਲੀ-ਐੱਨ.ਸੀ.ਆਰ. 'ਚ ਰਹਿਣ ਵਾਲੇ ਲੋਕਾਂ ਦੀ ਸਿਹਤ ਲਈ ਨੁਕਸਾਨਦਾਇਕ ਹੈ, ਬਲਕਿ ਉਨ੍ਹਾਂ ਰਾਜਾਂ 'ਚ ਰਹਿਣ ਵਾਲੇ ਲੋਕਾਂ ਲਈ ਵੀ ਨੁਕਸਾਨਦਾਇਕ ਹੈ, ਜਿੱਥੇ ਪਰਾਲੀ ਸਾੜੀ ਜਾਂਦੀ ਹੈ।


Shaadi Shop
Exclusive Indian Wedding Accessories
Ladies Tailoring Service *Lining Suit $70 *Simple Suit $40
Shagun/Rangoli Supplies
Sahe Chiti, Choora/Jewelery Box
Maiyan Fati, Haldi Sets & More
Rentals:Jago-dholki, stools
Fresh Fruit-Dry Fruit-Shagun Baskets
ਵਿਆਹ ਸ਼ਾਦੀ ਤੇ ਸ਼ਗਨ/ਰੰਗੋਲੀ ਸਪਲਾਈ, ਸਾਹੇ ਚਿੱਠੀ/ਚੂੜਾ/ਜਿਊਲਰੀ ਬਾਕਸ, ਜਾਗੋ-ਢੋਲਕੀ-ਸਟੂਲ ਰੈਂਟਲ ਆਦਿ ਲਈ ਸਾਡੇ ਨਾਲ ਸੰਪਰਕ ਕਰੋ
Serving All Areas from Blaine WA to Seattle WA
360-201-0240
16 may



SAMARA FRAMING LTD
RESIDENTIAL & COMMERCIAL
ਵਰਕਰਾਂ ਦੀ ਲੋੜ
ਸਾਡੇ ਕੋਲ LMIA ਉਪਲਬਧ ਹਨ
ਸਰੀ ਦੀ ਮਸ਼ਹੂਰ ਫਰੇਮਿੰਗ ਕੰਪਨੀ (ਸਮਾਰਾ ਫਰੇਮਿੰਗ ਲਿਮ:) ਵਾਲਿਆਂ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ। ਨਵੇਂ ਵੀ ਅਪਲਾਈ ਕਰ ਸਕਦੇ ਹਨ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪ੍ਰਬੰਧ। ਕੰਮ ਫੁੱਲ ਟਾਈਮ ਹਫਤੇ ਵਿਚ 6 ਦਿਨ ਚੱਲੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
ਬਲਜੀਤ 604-561-5467, ਗੈਰੀ 604-816-8422



• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ
ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ
For your family.. healthy beautiful smiles!
ਸੇਵਾਵਾਂ :
• ਜਾੜ ਭਰਨੀ
• ਦੰਦ ਕੱਢਣੇ
• ਕਰਾਊਨ ਤੇ ਬ੍ਰਿਜ
• ਡਿਜੀਟਲ ਐਕਸਰੇ
• ਵਾਈਟ ਫਿਲਿੰਗਸ
• ਦੰਦਾਂ ਦੀ ਸਫਾਈ ਅਤੇ ਚੈੱਕਅੱਪ
SERVICES:
• Extractions
• White Fillings
• Root Canals
• Crown & Bridge
• Digital X-Rays
• Teeth Cleaning & Checkup
• All Major Insurance Plans Accepted
• Punjabi, Hindi, Urdu Spoken
• New Patients Welcome
Evening & Weekend Appointment Available
Practising For Over 10 Years
ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ
EVERSHINE FAMILY DENTISTRY
ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ
604.593.6515
#111 - 7130 120th Street, Surrey, BC
Near Guru Nanak Sikh Gurdwara
Ground Floor of Satnam Plaza
(FREE AMPLE PARKING)
Dr. Anjanpal Kaur Bhalla
www.evershinedental.ca
ਡਾ. ਅੰਜਨਪਾਲ ਕੌਰ ਭੱਲਾ



www.deltondentures.com
DELTON DENTURE CLINIC LTD.
Denturists Are Denture Specialist
ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ
"We accept CANADIAN DENTAL CARE PLAN for Dentures"
• Complete Dentures
• Immediate Dentures
• Partial Dentures
• Dentures Over Implants
• Same Day Relines
• Repairs, Soft Linings
• Sport Guards
ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ
WE ARE DENTURISTS
CONSUMER CHOICE AWARD 2018 VANCOUVER
Business Category Denturist
ਅਸੀਂ ਜੁਬਾੜੇ ਬਣਾਉਂਦੇ ਹਾਂ
Get a Beautiful Smile
Chris Kozakiewicz
BSc., R.D.
Mon-Fri: 9am-5pm, Saturdays By Appointment
Scott 72 Shopping Centre
#209- 7313-120th St., Delta ( Above London Drugs & Staples )
604.590.1111



GAUTAM & ASSOCIATES
TRIAL LAWYERS
Gautam & Associates
OUR AREAS OF EXPERTISE
*PERSONAL INJURY LAW
*VISA REFUSALS
*IMMEDIATE ROADSIDE
*PROHIBITIONS *FAMILY LAW
*CIVIL AND COMMERCIAL
*LITIGATION *WILLS AND ESTATES
ਅੱਜ ਹੀ ਸੰਪਰਕ ਕਰੋ
604-593-5310
Email:dkgautam@galawyers.ca
#210-8028-128St, Surrey, BC

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada




## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਇਸ ਹਫਤੇ ਦੇ ਪ੍ਰੋਗਰਾਮਾਂ ਦਾ ਵੇਰਵਾ

ਸਿੰਘ ਸਾਹਿਬ ਗਿ:ਪ੍ਰਤਾਪ ਸਿੰਘ ਜੀ ਹੈੱਡ ਗ੍ਰੰਥੀ ਤਖਤ ਸ਼੍ਰੀ ਹਜ਼ੂਰ ਸਾਹਿਬ ਵਾਲੇ ਹਰ ਰੋਜ ਸ਼ਾਮ 6:45 ਤੋਂ 7:30 ਵਜੇ ਤੱਕ 18 ਅਪ੍ਰੈਲ ਤੱਕ ਕਥਾ ਦੀ ਸੇਵਾ ਨਿਭਾਉਣਗੇ।

*4 ਅਪ੍ਰੈਲ ਦਿਨ ਸ਼ੁੱਕਰਵਾਰ 6 ਪਰਿਵਾਰਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ:
(1) ਬੀਬੀ ਸੁਖਵੀਰ ਕੌਰ ਸੰਧੂ (2) ਭਾਈ ਬਲਜਿੰਦਰਪਾਲ ਸਿੰਘ ਢਿਲੋਂ
(3) ਭਾਈ ਤਲਵਿੰਦਰ ਸਿੰਘ (4) ਭਾਈ ਹਰਮੇਲ ਸਿੰਘ ਮਾਨ
(5) ਭਾਈ ਸੁਖਮੰਦਰ ਸਿੰਘ ਬਰਾੜ (6) ਬੀਬੀ ਕਿਰਨਜੀਤ ਕੌਰ ਸੰਧੂ ਪਰਿਵਾਰ ਵੱਲੋਂ
*5 ਅਪ੍ਰੈਲ ਸ਼ਨਿੱਚਰਵਾਰ 6 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਪਾਠ ਤੇ ਲੰਗਰ ਸੇਵਾ ਹੋਵੇਗੀ:
(1) ਬੀਬੀ ਸੁਖਪਾਲ ਕੌਰ (2) ਭਾਈ ਮਨਦੀਪ ਸਿੰਘ ਢਿੱਲੋਂ
(3) ਬੀਬੀ ਕਮਲਜੀਤ ਕੌਰ ਧਾਲੀਵਾਲ (4) ਭਾਈ ਬੁਧ ਸਿੰਘ ਨਿਰਵਾਣ
(5) ਬੀਬੀ ਸੋਨੀਆ ਕੌਰ (6) ਭਾਈ ਜੋਰਾਵਰ ਸਿੰਘ
*5 ਅਪ੍ਰੈਲ ਦਿਨ ਸ਼ਨਿੱਚਰਵਾਰ ਭੋਗ ਸਹਿਜ ਪਾਠ ਭਾਈ ਸ਼ਵਿੰਦਰ ਸਿੰਘ ਸੰਧੂ ਪਰਿਵਾਰ ਵੱਲੋਂ
*6 ਅਪ੍ਰੈਲ ਦਿਨ ਐਤਵਾਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਪਾਠ ਤੇ ਲੰਗਰਾਂ ਦੀ ਸੇਵਾ ਹੋਵੇਗੀ:
(1) ਭਾਈ ਬੇਅੰਤ ਸਿੰਘ ਭੰਗੂ (2) ਭਾਈ ਜਸਪਾਲ ਸਿੰਘ ਪਰਿਵਾਰ

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 13 ਅਪ੍ਰੈਲ ਦਿਨ ਐਤਵਾਰ

20 ਅਪ੍ਰੈਲ ਦਿਨ ਐਤਵਾਰ ਸਵੇਰੇ ਅੰਮ੍ਰਿਤ ਸੰਚਾਰ ਹੋਵੇਗਾ

ਸਾਲਾਨਾ ਮਹਾਨ ਨਗਰ ਕੀਰਤਨ 19 ਅਪ੍ਰੈਲ ਦਿਨ ਸ਼ਨਿੱਚਰਵਾਰ ਹੋਣਗੇ

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

# ਆਪਣੇ-ਆਪ ਅਮਰੀਕਾ ਛੱਡ ਦੇਣ ਵਿਦੇਸ਼ੀ ਵਿਦਿਆਰਥੀ:ਟਰੰਪ ਸਰਕਾਰ

ਨਿਊਯਾਰਕ-ਵਿਦੇਸ਼ੀ ਨਾਗਰਿਕਾਂ ਵਿਰੁਧ ਅਮਰੀਕਾ ਦੀ ਟਰੰਪ ਸਰਕਾਰ ਲਗਾਤਾਰ ਸਖ਼ਤ ਰਵਈਆ ਅਪਣਾਉਂਦੀ ਜਾ ਰਹੀ ਹੈ। ਇਸੇ ਤਹਿਤ ਹੁਣ ਇਕ ਹੋਰ ਸਖ਼ਤ ਫ਼ੁਰਮਾਨ ਜਾਰੀ ਕਰਦਿਆਂ ਟਰੰਪ ਸਰਕਾਰ ਨੇ ਸੈਂਕੜੇ ਵਿਦੇਸ਼ੀ ਵਿਦਿਆਰਥੀਆਂ ਨੂੰ ਸੈਲਫ਼ ਡਿਪੋਰਟ ਹੋਣ ਦਾ ਫ਼ੈਸਲਾ ਸੁਣਾ ਦਿਤਾ ਹੈ। ਜਾਣਕਾਰੀ ਅਨੁਸਾਰ ਅਮਰੀਕਾ ਦੇ ਵਿਦੇਸ਼ੀ ਵਿਭਾਗ ਨੇ ਅਮਰੀਕਾ 'ਚ ਪੜ੍ਹ ਰਹੇ ਕਰੀਬ 300 ਵਿਦਿਆਰਥੀਆਂ ਨੂੰ ਈ-ਮੇਲ ਭੇਜ ਕੇ ਦੇਸ਼ ਛੱਡਣ ਦਾ ਫ਼ੁਰਮਾਨ ਸੁਣਾਇਆ ਹੈ। ਇਹ ਕਾਰਵਾਈ ਉਨ੍ਹਾਂ ਵਿਦਿਆਰਥੀਆਂ ਵਿਰੁਧ ਕੀਤੀ ਗਈ ਹੈ, ਜੋ ਕਿ ਹਮਾਸ ਜਾਂ ਕਿਸੇ ਹੋਰ ਅਤਿਵਾਦੀ ਸੰਗਠਨ ਦਾ ਸਮਰਥਨ ਕਰਦੇ ਪਾਏ ਗਏ ਹਨ। ਵਿਦੇਸ਼ ਮੰਤਰਾਲੇ ਨੇ ਉਨ੍ਹਾਂ ਵਿਦਿਆਰਥੀਆਂ ਦੇ ਐਫ਼.1 ਵੀਜ਼ੇ ਰੱਦ ਕਰ ਦਿਤੇ ਹਨ। ਇਹ ਕਾਰਵਾਈ ਸਿਰਫ਼ ਅਤਿਵਾਦੀ ਸੰਗਠਨਾਂ ਦਾ ਸਮਰਥਨ ਕਰਨ ਵਾਲੇ ਵਿਦਿਆਰਥੀਆਂ ਤਕ ਹੀ ਸੀਮਤ ਨਹੀਂ ਹੈ, ਸਗੋਂ ਉਨ੍ਹਾਂ ਵਿਦਿਆਰਥੀਆਂ ਨੂੰ ਵੀ ਦੇਸ਼ ਛੱਡਣ ਦੀਆਂ ਈ-ਮੇਲਜ਼ ਭੇਜੀਆਂ ਗਈਆਂ ਹਨ, ਜਿਨ੍ਹਾਂ ਨੇ ਅਤਿਵਾਦੀ ਸੰਗਠਨਾਂ ਦੀਆਂ ਪੋਸਟਾਂ ਨੂੰ ਸੋਸ਼ਲ ਮੀਡੀਆ 'ਤੇ ਲਾਈਕ ਜਾਂ ਸ਼ੇਅਰ ਕੀਤਾ ਹੈ। ਇਸ ਮਾਮਲੇ ਨਾਲ ਸਖ਼ਤੀ ਨਾਲ ਨਜਿੱਠਣ ਲਈ ਅਮਰੀਕਾ ਸਰਕਾਰ ਨੇ ਇਕ ਐਪ 'ਕੈਚ ਐਂਡ ਰਿਵੋਕ' ਵੀ ਬਣਾਈ ਹੈ, ਜੋ ਏ.ਆਈ. ਨਾਲ ਅਤਿਵਾਦੀ ਸੰਗਠਨਾਂ ਦਾ ਸਮਰਥਨ ਕਰਨ ਵਾਲੇ ਵਿਦਿਆਰਥੀਆਂ ਦੀ ਪਛਾਣ ਕਰਦੀ ਹੈ, ਜਿਸ ਦੀ ਮਦਦ ਨਾਲ ਅਜਿਹਾ ਕਰਨ ਵਾਲੇ ਵਿਦਿਆਰਥੀਆਂ ਦੀ ਪਛਾਣ ਕਰ ਕੇ ਉਨ੍ਹਾਂ ਦੇ ਵੀਜ਼ੇ ਰੱਦ ਕੀਤੇ ਜਾ ਰਹੇ ਹਨ। ਇਕ ਰਿਪੋਰਟ ਅਨੁਸਾਰ ਸਾਲ 2023-24 ਦੌਰਾਨ ਕੁੱਲ 11 ਲੱਖ ਵਿਦੇਸ਼ੀ ਵਿਦਿਆਰਥੀ ਅਮਰੀਕਾ 'ਚ ਪੜ੍ਹ ਰਹੇ ਹਨ, ਜਿਨ੍ਹਾਂ 'ਚੋਂ 3.31 ਲੱਖ ਭਾਰਤੀ ਹਨ। ਹੁਣ ਜਿਨ੍ਹਾਂ 300 ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ੇ ਅਤਿਵਾਦੀ ਸੰਗਠਨਾਂ ਦਾ ਸਮਰਥਨ ਕਰਨ ਕਾਰਨ ਰੱਦ ਕੀਤੇ ਗਏ ਹਨ, ਉਨ੍ਹਾਂ ਦੀ ਗਿਣਤੀ ਆਉਣ ਵਾਲੇ ਦਿਨਾਂ 'ਚ ਵਧ ਵੀ ਸਕਦੀ ਹੈ, ਕਿਉਂਕਿ ਕੈਚ ਐਂਡ ਰਿਵੋਕ ਐਪ ਰਾਹੀਂ ਇਹ ਕਾਰਵਾਈ ਅੱਗੇ ਵੀ ਜਾਰੀ ਰਹਿਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਕੱਲ ਹੀ ਟਰੰਪ ਪ੍ਰਸ਼ਾਸਨ ਨੂੰ ਅਦਾਲਤ ਵੱਲੋਂ ਇਕ ਵੱਡਾ ਝਟਕਾ ਲੱਗਾ ਹੈ। ਇਮੀਗ੍ਰੇਸ਼ਨ ਕਾਰਵਾਈ ਵਿਚ ਡਿਪੋਰਟ ਲਈ ਨਿਰਧਾਰਿਤ ਦੇਸ਼ ਤੋਂ ਇਲਾਵਾ ਕਿਸੇ ਹੋਰ ਦੇਸ਼ ਵਿਚ ਪ੍ਰਵਾਸੀਆਂ ਨੂੰ ਡਿਪੋਰਟ ਕਰਨ 'ਤੇ ਅਦਾਲਤ ਨੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਡਿਪੋਰਟ ਕੀਤੇ ਜਾਣ ਵਾਲੇ ਵਿਅਕਤੀ ਨੂੰ ਲਿਖਤੀ ਨੋਟਿਸ ਅਤੇ ਦਾਅਵਾ ਪੇਸ਼ ਕਰਨ ਦਾ ਮੌਕਾ ਵੀ ਦਿੱਤਾ ਜਾਣਾ ਚਾਹੀਦਾ ਹੈ।

# ਅਮਰੀਕਾ ਨੇ ਚੀਨ ਅਤੇ ਹਾਂਗਕਾਂਗ ਦੇ 6 ਅਧਿਕਾਰੀਆਂ 'ਤੇ ਲਗਾਈ ਪਾਬੰਦੀ

ਅਮਰੀਕਾ ਨੇ ਛੇ ਚੀਨੀ ਅਤੇ ਹਾਂਗਕਾਂਗ ਅਧਿਕਾਰੀਆਂ 'ਤੇ ਪਾਬੰਦੀ ਲਗਾ ਦਿਤੀ ਹੈ ਜਿਨ੍ਹਾਂ 'ਤੇ ਦੋਸ਼ ਹੈ ਕਿ ਉਹ 'ਅੰਤਰਰਾਸ਼ਟਰੀ ਦਮਨ' ਅਤੇ ਹੋਰ ਕੰਮਾਂ ਵਿੱਚ ਸ਼ਾਮਲ ਸਨ ਜਿਸ ਨਾਲ ਹਾਂਗਕਾਂਗ ਦੀ ਖੁਦਮੁਖਤਿਆਰੀ ਨੂੰ ਹੋਰ ਨੁਕਸਾਨ ਪਹੁੰਚਣ ਦਾ ਖ਼ਤਰਾ ਸੀ। ਇਸ 'ਤੇ ਪਲਟਵਾਰ ਕਰਦੇ ਹੋਏ ਹਾਂਗਕਾਂਗ ਸਰਕਾਰ ਨੇ ਮੰਗਲਵਾਰ ਨੂੰ ਪਾਬੰਦੀ ਲਗਾਉਣ ਲਈ ਅਮਰੀਕਾ ਦੀ ਆਲੋਚਨਾ ਕੀਤੀ।

ਜਿਨ੍ਹਾਂ ਛੇ ਅਧਿਕਾਰੀਆਂ 'ਤੇ ਪਾਬੰਦੀ ਲਗਾਈ ਗਈ ਹੈ, ਉਨ੍ਹਾਂ ਵਿੱਚ ਨਿਆਂ ਸਕੱਤਰ ਪਾਲ ਲੈਮ, ਸੁਰੱਖਿਆ ਦਫ਼ਤਰ ਦੇ ਡਾਇਰੈਕਟਰ ਡੋਂਗ ਜਿੰਗਵੇਈ ਅਤੇ ਪੁਲਿਸ ਕਮਿਸ਼ਨਰ ਰੈਮਨ ਸ਼ਾਮਲ ਹਨ। ਇਹ ਪਾਬੰਦੀ ਅਮਰੀਕਾ ਅਤੇ ਚੀਨ ਵਿਚਕਾਰ ਤਣਾਅ ਨੂੰ ਹੋਰ ਵਧਾ ਸਕਦੀਆਂ ਹਨ। ਦੋਵਾਂ ਦੇਸ਼ਾਂ ਵਿੱਚ ਪਹਿਲਾਂ ਹੀ ਵਪਾਰਕ ਟੈਰਿਫ਼ ਅਤੇ ਤਾਈਵਾਨ ਵਰਗੇ ਹੋਰ ਮੁੱਖ ਮੁੱਦਿਆਂ 'ਤੇ ਮਤਭੇਦ ਹਨ।

ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ, ''ਬੀਜਿੰਗ ਅਤੇ ਹਾਂਗਕਾਂਗ ਦੇ ਸੁਰੱਖਿਆ ਕਾਨੂੰਨਾਂ ਦੀ ਦੁਰਵਰਤੋਂ ਉਨ੍ਹਾਂ 19 ਲੋਕਤੰਤਰ ਪੱਖੀ ਕਾਰਕੁਨਾਂ ਨੂੰ ਡਰਾਉਣ, ਚੁੱਪ ਕਰਾਉਣ ਅਤੇ ਪ੍ਰੇਸ਼ਾਨ ਕਰਨ ਲਈ ਕੀਤਾ ਅਤੇ ਉਨ੍ਹਾਂ ਨੂੰ ਡਰਾ ਕੇ ਜਾਂ ਦਬਾਅ ਪਾ ਕੇ ਵਿਦੇਸ਼ ਭੱਜਣ ਲਈ ਮਜਬੂਰ ਕੀਤਾ ਗਿਆ। ਇਨ੍ਹਾਂ ਕਾਰਕੁਨਾਂ ਵਿੱਚ ਇਕ ਅਮਰੀਕੀ ਨਾਗਰਿਕ ਅਤੇ ਚਾਰ ਹੋਰ ਅਮਰੀਕੀ ਨਿਵਾਸੀ ਸ਼ਾਮਲ ਹਨ।''

ਸੋਮਵਾਰ ਨੂੰ ਬਿਆਨ ਵਿੱਚ ਕਿਹਾ ਗਿਆ ਹੈ ਕਿ ਜਿਨ੍ਹਾਂ ਛੇ ਅਧਿਕਾਰੀਆਂ 'ਤੇ ਪਾਬੰਦੀ ਲਗਾਈ ਗਈ ਸੀ, ਉਹ ਉਨ੍ਹਾਂ ਸੰਗਠਨਾਂ ਜਾਂ ਗਤੀਵਿਧੀਆਂ ਵਿੱਚ ਸ਼ਾਮਲ ਸਨ ਜੋ ਹਾਂਗਕਾਂਗ ਦੇ ਸੁਰੱਖਿਆ ਕਾਨੂੰਨ ਦੀ ਵਰਤੋਂ ਕਰ ਕੇ ਲੋਕਾਂ 'ਤੇ ਦਬਾਅ ਬਨਾਉਣ ਦੇ ਨਾਲ ਜ਼ਬਰਦਸਤੀ ਗ੍ਰਿਫ਼ਤਾਰ ਕਰਨ, ਹਿਰਾਸਤ ਵਿੱਚ ਲੈਣ ਜਾਂ ਕੈਦ 'ਚ ਸੁੱਟਣ ਦਾ ਕੰਮ ਕਰ ਰਹੇ ਸਨ ਜਾਂ ਫਿਰ ਇਸ ਕਾਨੂੰਨ ਨੂੰ ਲਾਗੂ ਕਰ ਰਹੇ ਸਨ।

# ਮਸਕ ਨੇ 'ਐੈਕਸ' ਨੂੰ ਆਪਣੀ ਹੀ ਕੰਪਨੀ 'ਐੈਕਸਏਆਈ' ਕੋਲ 33 ਅਰਬ ਡਾਲਰ 'ਚ ਵੇਚਿਆ



ਵਾਸ਼ਿੰਗਟਨ: ਅਮਰੀਕੀ ਅਰਬਪਤੀ ਐਲਨ ਮਸਕ ਨੇ ਸੋਸ਼ਲ ਮੀਡੀਆ ਕੰਪਨੀ 'ਐੈਕਸ' ਨੂੰ ਆਪਣੀ ਹੀ ਮਸਨੂਈ ਬੌਧਿਕਤਾ (ਏਆਈ) ਵਾਲੀ ਕੰਪਨੀ ਐੈਕਸਏਆਈ ਨੂੰ 33 ਅਰਬ ਡਾਲਰ 'ਚ ਵੇਚਣ ਦਾ ਐਲਾਨ ਕੀਤਾ ਹੈ। ਇਸ ਸੌਦੇ 'ਚ ਸ਼ਾਮਲ ਦੋਵੇਂ ਕੰਪਨੀਆਂ ਨਿੱਜੀ ਤੌਰ 'ਤੇ ਚਲਾਈਆਂ ਜਾਂਦੀਆਂ ਹਨ, ਜਿਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਇਸ ਸੌਦੇ ਨਾਲ ਜੁੜੇ ਆਪਣੇ ਵਿੱਤੀ ਲੈਣ-ਦੇਣ ਬਾਰੇ ਜਨਤਕ ਤੌਰ 'ਤੇ ਖ਼ੁਲਾਸਾ ਕਰਨ ਦੀ ਲੋੜ ਨਹੀਂ ਹੈ। ਮਸਕ ਨੇ 'ਐੈਕਸ' 'ਤੇ ਇਕ ਪੋਸਟ 'ਚ ਸ਼ੁੱਕਰਵਾਰ ਨੂੰ ਕਿਹਾ ਕਿ ਇਹ ਕਦਮ ਐੈਕਸਏਆਈ ਦੀ ਆਧੁਨਿਕ ਏਆਈ ਸਮਰੱਥਾ ਅਤੇ ਮੁਹਾਰਤ ਨੂੰ ਐਕਸ ਦੀ ਵਿਆਪਕ ਪਹੁੰਚ ਨਾਲ ਮਿਲਾ ਕੇ ਸੰਭਾਵਨਾਵਾਂ ਤਲਾਸ਼ਣ 'ਚ ਸਹਾਇਤਾ ਕਰੇਗਾ। ਉਨ੍ਹਾਂ ਕਿਹਾ ਕਿ ਇਸ ਸੌਦੇ 'ਚ ਐੈਕਸਏਆਈ ਦੀ ਕੀਮਤ 80 ਅਰਬ ਡਾਲਰ ਅਤੇ ਐਕਸ ਦੀ ਕੀਮਤ 33 ਅਰਬ ਡਾਲਰ ਲਾਈ ਗਈ ਹੈ। ਟੈਸਲਾ ਅਤੇ ਸਪੇਸਐਕਸ ਕੰਪਨੀਆਂ ਦੇ ਸੀਈਓ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਲਾਹਕਾਰ ਮਸਕ ਨੇ ਸਾਲ 2022 'ਚ ਟਵਿਟਰ ਨੂੰ 44 ਅਰਬ ਡਾਲਰ 'ਚ ਖ਼ਰੀਦਿਆ ਸੀ।

# ਇਮਰਾਨ ਖ਼ਾਨ ਨੋਬੇਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ



ਇਸਲਾਮਾਬਾਦ: ਜੇਲ੍ਹ 'ਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਮੁਲਕ 'ਚ ਮਨੁੱਖੀ ਹੱਕਾਂ ਅਤੇ ਜਮਹੂਰੀਅਤ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਲਈ ਨੋਬੇਲ ਸ਼ਾਂਤੀ ਪੁਰਸਕਾਰ ਵਾਸਤੇ ਨਾਮਜ਼ਦ ਕੀਤਾ ਗਿਆ ਹੈ। ਪਿਛਲੇ ਸਾਲ ਦਸੰਬਰ 'ਚ ਬਣੇ ਅਤੇ ਨੌਰਵੇ ਦੀ ਸਿਆਸੀ ਧਿਰ 'ਪਾਰਟੀਏਟ ਸੈਂਟਰਮ' ਨਾਲ ਜੁੜੇ ਗਰੁੱਪ 'ਪਾਕਿਸਤਾਨ ਵਰਲਡ ਐਲਾਇੰਸ' ਨੇ ਇਸ ਦਾ ਐਲਾਨ ਕੀਤਾ ਹੈ। ਪਾਰਟੀਏਟ ਸੈਂਟਰਮ ਨੇ ਐਤਵਾਰ ਨੂੰ 'ਐਕਸ' 'ਤੇ ਕਿਹਾ, ''ਸਾਨੂੰ ਪਾਰਟੀਏਟ ਸੈਂਟਰਮ ਵੱਲੋਂ ਇਹ ਐਲਾਨ ਕਰਦਿਆਂ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਅਸੀਂ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਹੈ।''











DREAM BANQUET HALL
Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events
Capacity
350-375 seats
Dream Catering "Your Venue, Our Food"
We provide various Menu
Options to choose
ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ
For Bookings, Contact: 604-203-7272
7236 -120St, Surrey, BC
Email:info@dreambanquethall.ca


.Ck Auto.
CK AUTO SERVICES LTD.
«Tune Ups «Oil Change
«Wheel alignment
«Transmission «Electrical
«Air Condition
«Electronic Fuel Injection
«Brakes «Repairs
«Propane & Natural Gas
«Computerized Wheel Alignment
«Tires & Wheel Balancing
Ck Auto. AUTO REPAIR SERVICES
-REASONABLE RATES
-EXPERIENCED -QUALITY WORK
.Ck Auto.
Cell: 778-322-1610
Tel: 604-592-2667
#106-13112-84th Ave.,Surrey
Open Mon to Sat 9 am to 6pm
SUNDAY CLOSED
TARSHOTAM BIRAN


ODS
ORIENT
Driving School Ltd.
*Air Brake Course *Individual Lessons *Corporate Training
Class 1, Class 3, Class 4, Class 5, Class 7
We speak English, Punjabi & Hindi
* ਘਰ ਤੋਂ ਫਰੀ ਲੈ ਕੇ ਜਾਣ ਅਤੇ ਛੱਡਣ ਦਾ ਪ੍ਰਬੰਧ ਹੈ
* ਘੱਟ ਸਮੇਂ ਵਿਚ ਵਾਜਿਬ ਰੇਟਾਂ ਤੇ ਵਧੀਆ ਸਿਖਲਾਈ
* ਰੋਡ ਟੈਸਟ ਵਾਸਤੇ ਕਾਰ ਵੀ ਦਿੰਦੇ ਹਾਂ
MELT Approved
You can pick Hours of training according to your availability
Mr. Malhi: 778-444-0111
Certified Instructor/Examiner
PAUL: 778-444-3444
Email:info@orientdrivingschool.com Web:www.orientdrivingschool.com

# ਕੇਂਦਰ ਸਰਕਾਰ ਖਾਲਸਾ ਪੰਥ ਦੇ ਸਾਜਨਾ ਦਿਹਾੜੇ ਵਿਸਾਖੀ ਪੂਰਬ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਕਰੇ ਐਲਾਨ:ਪਰਮਜੀਤ ਸਿੰਘ ਵੀਰਜੀ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ): ਗੁਰੂਬਾਣੀ ਰਿਸਰਚ ਫਾਉਂਡੇਸ਼ਨ ਦੇ ਮੁੱਖੀ ਅਤੇ ਦਿੱਲੀ ਕਮੇਟੀ ਦੇ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਮੁੱਖ ਸੇਵਾਦਾਰ ਭਾਈ ਪਰਮਜੀਤ ਸਿੰਘ ਵੀਰਜੀ ਨੇ ਮੀਡੀਆ ਨੂੰ ਜਾਰੀ ਕੀਤੇ ਇਕ ਬਿਆਨ ਰਾਹੀਂ ਕਿਹਾ ਕਿ ਸਿੱਖ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਪਿਛਲੇ ਕੁਝ ਸਮੇਂ ਤੋਂ ਨਾ ਸਿਰਫ਼ ਪੰਜਾਬ ਅਤੇ ਸਿੱਖ ਭਾਈਚਾਰੇ ਵਿਚ ਸਗੋਂ ਦੇਸ਼ ਦੀ ਰਾਜਨੀਤੀ ਵਿਚ ਵੀ ਭਖਦਾ ਅਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਸਗੋਂ ਪਿਛਲੇ ਲੰਮੇ ਸਮੇਂ ਤੋ ਇੰਨ੍ਹਾ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਪੰਥ ਵਲੋਂ ਵੱਡੇ ਪੱਧਰ ਤੇ ਆਵਾਜ਼ ਚੁਕੀ ਜਾ ਰਹੀ ਹੈ।ਬੰਦੀ ਸਿੰਘ ਜੋ ਕਿ ਕੌਮ ਉਪਰ ਹੋ ਰਹੇ ਸਰਕਾਰੀ ਜ਼ੁਲਮ ਵਿਰੁੱਧ ਉਠੇ ਸਨ ਇਹ ਆਮ ਘਰਾਂ ਦੇ ਸਿੱਖ ਨੌਜਵਾਨ ਸਨ, ਜੋ ਉਸ ਦੌਰ ਵਿੱਚ ਕਾਂਗਰਸੀ ਸਰਕਾਰਾਂ ਦੇ ਰਾਜਨੀਤਿਕ ਵਿਤਕਰਿਆਂ ਅਤੇ ਉਨ੍ਹਾਂ ਵੱਲੋਂ ਪੈਦਾ ਕੀਤੇ ਗਏ ਨਾਖ਼ੁਸ਼ਗਵਾਰ ਹਾਲਤਾਂ ਦੇ ਸ਼ਿਕਾਰ ਹੋਏ ਅਤੇ ਹਿੰਸਕ ਰਾਹ 'ਤੇ ਤੁਰਨ ਲਈ ਮਜਬੂਰ ਹੋਏ ਸਨ।ਬਣਦੀ ਸਜ਼ਾ ਤੋ ਵੀਂ ਵੱਧ ਕੈਦ ਦੀ ਸਜ਼ਾ ਕੱਟ ਰਹੇ ਕੈਦੀਆਂ ਦੀ ਰਿਹਾਈ ਕੇਂਦਰ ਅਤੇ ਰਾਜ ਦੇ ਦਖ਼ਲ ਤੋਂ ਬਿਨਾਂ ਸੰਭਵ ਨਹੀਂ ਹੁੰਦੀ ਹੈ।

ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਕੇਂਦਰ ਅਤੇ ਰਾਜ ਸਿਆਸੀ ਇੱਛਾ ਸ਼ਕਤੀ 'ਤੇ ਨਿਰਭਰ ਕਰਦਾ ਹੈ।

ਇਸੇ ਲਈ, ਸਿੱਖ ਭਾਈਚਾਰੇ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ, ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਰਤ ਸਰਕਾਰ ਨੇ ਨਵੰਬਰ 2019 ਵਿੱਚ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਇਕ ਨੋਟੀਫ਼ਿਕੇਸ਼ਨ ਜਾਰੀ ਕੀਤਾ।

ਪਰ ਉਸਦੇ ਬਾਵਜੂਦ ਇਸ ਨੋਟੀਫਿਕੇਸ਼ਨ ਤੇ ਕੋਈ ਕਾਰਵਾਈ ਨਹੀਂ ਹੋਈ । ਸਿੱਖ ਪੰਥ ਦੀ ਸਿਰਮੌਰ ਸੰਸਥਾ ਐਸਜੀਪੀਸੀ ਵਲੋਂ ਇਸ ਬੇਹੱਦ ਗੰਭੀਰ ਮਸਲੇ ਤੇ ਕਈ ਵਾਰ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਬੰਦੀ ਸਿੰਘਾਂ ਦੀ ਰਿਹਾਈ ਮਸਲੇ ਤੇ ਗੱਲਬਾਤ ਕਰਣ ਲਈ ਕਿਹਾ ਗਿਆ ਪਰ ਉਨ੍ਹਾਂ ਨੂੰ ਕੋਈ ਜੁਆਬ ਨਹੀਂ ਦਿੱਤਾ ਗਿਆ। ਕੇਂਦਰ ਸਰਕਾਰ ਨੂੰ ਖਾਲਸਾ ਪੰਥ ਦੇ ਸਾਜਨਾ ਦਿਹਾੜੇ ਵਿਸਾਖੀ ਪੁਰਬ ਮੌਕੇ ਸਿੱਖ ਪੰਥ ਦੀ ਅਹਿਮ ਮੰਗ ਉਪਰ ਕਾਰਵਾਈ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕਰਕੇ ਇੰਨ੍ਹਾ ਸਿੰਘਾਂ ਨੂੰ ਮੁੜ ਮੁਖਧਾਰਾ ਨਾਲ ਜੁੜਨ ਦੇਣ ਦਾ ਉਪਰਾਲਾ ਕਰਣਾ ਚਾਹੀਦਾ ਹੈ।

ਪੰਥ ਦੇ ਇਸ ਅਤਿ ਗੰਭੀਰ ਮੁਦੇ ਬਾਰੇ ਦਿੱਲੀ ਗੁਰਦੁਆਰਾ ਕਮੇਟੀ ਨੂੰ ਵੀਂ ਆਪਣੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਜੋ ਕਿ ਹੁਣ ਦਿੱਲੀ ਰਾਜ ਸਰਕਾਰ ਵਿਚ ਕੈਬਿਨੇਟ ਮੰਤਰੀ ਬਣ ਚੁੱਕੇ ਹਨ ਰਾਹੀਂ ਬੰਦੀ ਸਿੰਘਾਂ ਦਾ ਮਸਲਾ ਹੱਲ ਕਰਵਾਣ ਲਈ ਅੱਗੇ ਆਣਾ ਚਾਹੀਦਾ ਹੈ ।

# ਅਮਰੀਕਾ ਵਿਚ ਟਿਕਟੌਕ ਹੋ ਸਕਦੈ ਬੰਦ




ਵਾਸ਼ਿੰਗਟਨ- ਅਮਰੀਕਾ ਵਿਚ ਟਿਕਟੌਕ 'ਤੇ ਇਕ ਵਾਰ ਫਿਰ ਖਤਰੇ ਦੇ ਬੱਦਲ ਮੰਡਰਾਅ ਰਹੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਸ ਨੂੰ ਕਿਸੇ ਵੇਲੇ ਵੀ ਬੰਦ ਕੀਤਾ ਜਾ ਸਕਦਾ ਹੈ। ਇਸ ਨਾਲ 170 ਮਿਲੀਅਨ ਅਮਰੀਕੀਆਂ 'ਤੇ ਵੱਡਾ ਪ੍ਰਭਾਵ ਪਵੇਗਾ। ਕਿਉਂਕਿ ਇਥੇ ਬਹੁਤ ਸਾਰੇ ਲੋਕ ਖਬਰਾਂ, ਮਨੋਰੰਜਨ, ਬਿਜ਼ਨਸ ਅਤੇ ਕਈ ਹੋਰ ਮਾਮਲਿਆਂ ਲਈ ਟਿਕਟੌਕ ਦੀ ਵਰਤੋਂ ਕਰਦੇ ਹਨ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਟਿਕਟੌਕ ਐਪ ਅਮਰੀਕੀ ਲੋਕਾਂ ਦੀ ਜਾਤੀ ਜਾਣਕਾਰੀ ਲਈ ਵੱਡਾ ਖਤਰਾ ਹੈ। ਕਿਉਂਕਿ ਇਸ ਨਾਲ ਚੀਨ ਵੱਲੋਂ ਅਮਰੀਕੀਆਂ ਦੀ ਨਿੱਜੀ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ, ਜੋ ਕਿ ਦੇਸ਼ ਦੇ ਨਾਗਰਿਕਾਂ ਲਈ ਠੀਕ ਨਹੀਂ ਹੈ।

ਪਿਛਲੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਐਪ ਨੂੰ ਆਪਣੇ ਕਾਰਜਕਾਲ ਦੇ ਅੰਤਿਮ ਦਿਨਾਂ ਵਿਚ ਬੰਦ ਕਰ ਦਿੱਤਾ ਸੀ। ਪਰ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਿਕਟੌਕ ਕੰਪਨੀ ਨੂੰ ਕਿਸੇ ਅਮਰੀਕੀ ਕੰਪਨੀ ਵੱਲੋਂ ਖਰੀਦਣ ਦੀ ਗੱਲ ਕਹੀ ਗਈ ਸੀ ਅਤੇ ਇਸ ਕੰਮ ਲਈ 75 ਦਿਨਾਂ ਦੀ ਮੋਹਲਤ ਦਿੱਤੀ ਸੀ। ਉਹ ਸਮਾਂ ਹੁਣ 5 ਅਪ੍ਰੈਲ ਨੂੰ ਖਤਮ ਹੋਣ ਜਾ ਰਿਹਾ ਹੈ। ਪਰ ਹਾਲੇ ਤੱਕ ਇਸ ਸੰਬੰਧੀ ਕੋਈ ਵੀ ਸੌਦੇਬਾਜ਼ੀ ਨਹੀਂ ਹੋਈ। ਜੇ ਅਜਿਹਾ ਸੌਦਾ ਨਾ ਹੋਇਆ, ਤਾਂ ਟਿਕਟੌਕ 5 ਅਪ੍ਰੈਲ ਤੋਂ ਬਾਅਦ ਅਮਰੀਕਾ ਤੋਂ ਰੁਖ਼ਸਤ ਹੋ ਸਕਦਾ ਹੈ।


GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

604-306-3276

Big Or Small, We Do It All

SARDAR JI ACADEMY

...KNOWLEDGE TEST...

CAR, TRUCK, TAXI & AIR BRAKE



ਲਰਨਿੰਗ ਲਾਇਸੈਂਸ ਦੀ ਪੰਜਾਬੀ ਅਤੇ ਅੰਗਰੇਜੀ ਵਿਚ ਤਿਆਰੀ ਕਰਵਾਈ ਜਾਂਦੀ ਹੈ

FORKLIFT TRAINING

ਇਥੇ ਫੋਰਕਲਿਫਟ ਦੇ ਲਾਇਸੈਂਸ ਅਤੇ ਸਿਟੀਜਨਸ਼ਿਪ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ

Ph:778-892-4655

#201-12885-85Ave, Surrey

Near Gurdwara Dashmesh Darbar

Lionsbay Plumbing & Heating

◆ Plumbing ◆ Heating

- BOILERS & FURNACES REPAIR & REPLACEMENT
- HOT WATER TANK REPLACEMENT
- GAS FIREPLACES AND GAS STOVES
- ALL KINDS OF PLUMBING

- ਬੋਇਲਰ ਅਤੇ ਫਰਨੇਸ ਰਿਪੇਅਰ ਅਤੇ ਰਿਪਲੇਸਮੈਂਟ
- ਹਾਟ ਵਾਟਰ ਟੈਂਕ ਰਿਪਲੇਸਮੈਂਟ
- ਹਰ ਪ੍ਰਕਾਰ ਦੇ ਪਲੰਬਿੰਗ ਦੇ ਕੰਮ ਅਤੇ ਨਵੇਂ ਇੰਸਟੋਲੇਸ਼ਨ

ਵਧੀਆ ਸਰਵਿਸ ਅਤੇ ਵਾਜਿਬ ਰੇਟ





New Construction Renovations & Service Work

Certified, Insured & Bonded Plumbers & Gas Fitters

Off:604-802-5466

Jas Sekhon 778-378-8274

Email:service@lionsbay.com

THE CARPLAZA CAR ACCESSORIES

All Types Of Car Accessories & Installation Available

ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ






*Seat Covers *Matts
*Woofers & Ambient Lights
*Android Car Player Available



Especially For Uber & Lyft Camera

778-977-0032, 778-713-6949

#5-12357-82A Ave, Surrey, BC

# ਉੱਤਰਾਖੰਡ ਵਿਚ ਮੁਸਲਿਮ ਨਾਵਾਂ ਵਾਲੀਆਂ ਥਾਵਾਂ ਦੇ ਬਦਲੇ ਨਾਂ

ਉੱਤਰਾਖੰਡ ਵਿਚ ਮੁਸਲਿਮ ਨਾਵਾਂ ਵਾਲੀਆਂ 17 ਥਾਵਾਂ ਦੇ ਨਾਂਅ ਬਦਲਣਾ ਸੂਬਾ ਸਰਕਾਰ ਦੀ ਸੌੜੀ ਸੋਚ ਦਾ ਪ੍ਰਮਾਣ ਹੈ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦਾ ਦਾਅਵਾ ਹੈ ਕਿ 17 ਨਾਂਅ, ਸਥਾਨਕ ਲੋਕਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖ ਕੇ ਬਦਲੇ ਗਏ। ਪਰ ਅਸਲੀਅਤ ਇਹ ਹੈ ਕਿ ਉਨ੍ਹਾਂ ਦੀ ਸਰਕਾਰ ਨੇ ਬਜਰੰਗ ਦਲ ਵਰਗੀਆਂ ਕੱਟੜ ਹਿੰਦੂਤਵੀ ਜਥੇਬੰਦੀਆਂ ਨੂੰ ਪਲੋਸਣ ਅਤੇ ਭਾਜਪਾ ਦਾ ਵੋਟ ਬੈਂਕ ਪੱਕਾ ਕਰਨ ਲਈ ਇਹ ਕਦਮ ਚੁੱਕਿਆ ਹੈ।

ਨਾਂਅ-ਬਦਲੀ ਵਾਲੀਆਂ 17 ਥਾਵਾਂ ਵਿਚੋਂ 10 ਹਰਿਦਵਾਰ ਵਿਚ ਹਨ; ਬਾਕੀਆਂ ਵਿਚੋਂ ਇਕ ਸ਼ਹੀਦ ਊਧਮ ਸਿੰਘ ਨਗਰ, ਦੋ ਨੈਨੀਤਾਲ ਅਤੇ ਚਾਰ ਸੂਬਾਈ ਰਾਜਧਾਨੀ ਦੇਹਰਾਦੂਨ ਵਿਚ ਸਥਿਤ ਹਨ। ਮਸਲਨ, ਔਰੰਗਜ਼ੇਬਪੁਰ ਦਾ ਨਾਂਅ ਬਦਲ ਕੇ ਸ਼ਿਵਾਜੀ ਨਗਰ ਅਤੇ ਗ਼ਾਜ਼ੀਵਾਲੀ ਦਾ ਆਰੀਆ ਨਗਰ ਕਰ ਦਿੱਤਾ ਗਿਆ ਹੈ।

ਖ਼ਾਨਪੁਰ, ਭਵਿੱਖ ਵਿਚ ਕ੍ਰਿਸ਼ਨਪੁਰ ਤੇ ਖ਼ਾਨਪੁਰ ਕੁਰਸਾਲ, ਅੰਬੇਦਕਰ ਨਗਰ ਦੇ ਨਾਂਅ ਨਾਲ ਜਾਣੇ ਜਾਣਗੇ। ਮੀਆਂਵਾਲਾ ਹੁਣ ਸਰਕਾਰੀ ਰਿਕਾਰਡ ਵਿਚ ਰਾਮਜੀਵਾਲਾ ਅਤੇ ਚਾਂਦਪੁਰ ਖ਼ੁਰਦ, ਪ੍ਰਿਥਵੀਰਾਜ ਨਗਰ ਵਜੋਂ ਦਰਜ ਹੋ ਗਏ ਹਨ। ਨੈਨੀਤਾਲ ਦੀ ਨਵਾਬੀ ਰੋਡ ਦਾ ਨਵਾਂ ਨਾਂਅ ਅਟਲ ਰੋਡ ਹੋਵੇਗਾ। ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਰੂਹ ਨੂੰ ਇਸ ਤਬਦੀਲੀ ਕਾਰਨ ਕਿੰਨੀ ਤਕਲੀਫ਼ ਪਹੁੰਚੀ ਹੋਵੇਗੀ, ਇਸ ਬਾਰੇ ਉਤਰਾਖੰਡ ਸਰਕਾਰ ਨੇ ਸੋਚਣਾ ਵੀ ਵਾਜਬ ਨਹੀਂ ਸਮਝਿਆ।

ਜ਼ਿਕਰਯੋਗ ਹੈ ਕਿ ਵਾਜਪਾਈ ਅਜਿਹੀਆਂ ਫਿਰਕੂ ਹਰਕਤਾਂ ਤੋਂ ਜ਼ਿੰਦਗੀ ਭਰ ਦੂਰ ਰਹੇ। ਪਰ ਹੁਣ ਉਨ੍ਹਾਂ ਦੀ ਸੋਚ ਤੇ ਵਿਰਸੇ ਨੂੰ ਵੀ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਗਾੜਨ 'ਤੇ ਤੁਲੀ ਹੋਈ ਹੈ। ਇਸ ਦਾ ਸਪਸ਼ਟ ਪ੍ਰਮਾਣ ਭਾਜਪਾ ਦੇ ਆਈ.ਟੀ. ਸੈੱਲ ਦੇ ਮੁਖੀ ਅਮਿਤ ਮਾਲਵੀਆ ਦਾ ਸੋਸ਼ਲ ਮੀਡੀਆ ਮੰਚਾਂ ਉੱਤੇ ਇਹ ਸੁਨੇਹਾ ਹੈ ਕਿ ''ਗ਼ੁਲਾਮੀ ਦੀਆਂ ਆਖ਼ਰੀ ਨਿਸ਼ਾਨੀਆਂ, ਉਤਰਾਖੰਡ ਸਰਕਾਰ ਨੇ ਮਿਟਾ ਦਿਤੀਆਂ ਹਨ।'' ਜ਼ਾਹਿਰ ਹੈ ਕਿ ਅਜਿਹੀ ਤੰਗਨਜ਼ਰੀ ਸਿਰਫ਼ ਭਾਜਪਾ ਹੀ ਦਿਖਾ ਸਕਦੀ ਹੈ।

ਉਤਰਾਖੰਡ ਜਾਂ ਹਿਮਾਚਲ ਪ੍ਰਦੇਸ਼ ਅੰਦਰਲੀਆਂ ਪਹਾੜੀ ਰਿਆਸਤਾਂ ਕਦੇ ਸਿੱਧੇ ਤੌਰ 'ਤੇ ਇਸਲਾਮੀ ਹੁਕਮਰਾਨਾਂ ਦੇ ਅਧੀਨ ਨਹੀਂ ਰਹੀਆਂ। ਸੁਲਤਾਨ ਯੁੱਗ ਜਾਂ ਮੁਗ਼ਲ ਕਾਲ ਦੌਰਾਨ ਕਿਸੇ ਸੁਲਤਾਨ ਜਾਂ ਬਾਦਸ਼ਾਹ ਨੇ ਇਨ੍ਹਾਂ ਰਿਆਸਤਾਂ ਉੱਤੇ ਧਾਵਾ ਨਹੀਂ ਬੋਲਿਆ; ਸਿਰਫ਼ ਦਬਕੇ ਨਾਲ ਹੀ ਇਨ੍ਹਾਂ ਨੂੰ ਛਿਮਾਹੀ ਜਾਂ ਸਾਲਾਨਾ ਖਿਰਾਜ ਤਾਰਨ ਲਈ ਮਜਬੂਰ ਕਰ ਦਿਤਾ।

ਬਹੁਤੀਆਂ ਰਿਆਸਤਾਂ ਦੇ ਦੂਤਾਂ ਨੂੰ ਦਿੱਲੀ ਦਰਬਾਰ ਵਿਚ ਕਦੇ ਕਦੇ ਹਾਜ਼ਰੀ ਭਰਨੀ ਜ਼ਰੂਰੀ ਹੁੰਦੀ ਸੀ। ਇਹ ਦੂਤ ਅਮੂਮਨ ਚੰਗੇ ਚਿਤ੍ਰਕਾਰ ਜਾਂ ਧਰਮ ਗ੍ਰੰਥਾਂ ਦੇ ਵਿਦਵਾਨ ਹੋਇਆ ਕਰਦੇ ਸਨ ਅਤੇ ਇਨ੍ਹਾਂ ਦੇ ਹੁਨਰਾਂ ਨੂੰ ਸ਼ਹਿਜ਼ਾਦਿਆਂ/ਸ਼ਹਿਜ਼ਾਦੀਆਂ ਦੇ ਕਮਰਿਆਂ ਦੇ ਸ਼ਿੰਗਾਰ ਜਾਂ ਸ਼ਾਹੀ ਲਾਇਬਰੇਰੀਆਂ ਵਿਚ ਪੁਰਾਣਾਂ-ਉਪਨਿਸ਼ਦਾਂ ਦੀ ਤਰਜਮਾਕਾਰੀ ਲਈ ਵਰਤੇ ਜਾਣ ਦੇ ਸਬੂਤ ਇਤਿਹਾਸ ਵਿਚ ਮੌਜੂਦ ਹਨ।

ਅਕਬਰ ਤੋਂ ਪਹਿਲਾਂ ਦਿੱਲੀ ਦਾ ਕੋਈ ਵੀ ਮੁਸਲਿਮ ਹਾਕਮ ਫ਼ੌਜੀ ਮੁਹਿੰਮਾਂ ਰਾਹੀਂ ਕਸ਼ਮੀਰ ਵਾਦੀ ਨਹੀਂ ਸੀ ਜਿੱਤ ਸਕਿਆ।

ਕਸ਼ਮੀਰ ਵਿਚ ਇਸਲਾਮ ਦਾ ਪਾਸਾਰ ਸੂਫ਼ੀ-ਸੰਤਾਂ ਦੀ ਮਕਬੂਲੀਅਤ ਸਦਕਾ 14ਵੀਂ-15ਵੀਂ ਸਦੀਆਂ ਦੌਰਾਨ ਹੋਇਆ। ਹਿਮਾਚਲ ਜਾਂ ਉੱਤਰਾਖੰਡ ਵਾਲੀਆਂ ਰਿਆਸਤਾਂ ਵਿਚ ਤਾਂ ਅਜਿਹਾ ਵਰਤਾਰਾ 19ਵੀਂ ਸਦੀ ਤਕ ਵੀ ਸੰਭਵ ਨਹੀਂ ਸੀ ਹੋਇਆ। ਇਹੀ ਕਾਰਨ ਹੈ ਕਿ ਸਿਰਫ਼ ਗੜ੍ਹਵਾਲ ਰਿਆਸਤ ਨੂੰ ਛੱਡ ਕੇ ਹੋਰ ਕਿਸੇ ਵੀ ਰਿਆਸਤ ਵਿਚ ਮੁਸਲਿਮ ਵਸੋਂ 1950 ਤਕ ਵੀ 3 ਫ਼ੀ ਸਦੀ ਤੋਂ ਵੱਧ ਨਹੀਂ ਸੀ।

ਮੁਸਲਿਮ ਵਸੋਂ ਦੀ ਇਨ੍ਹਾਂ ਇਲਾਕਿਆਂ ਵਲ ਹਿਜਰਤ 20ਵੀਂ ਸਦੀ ਵਿਚ ਰੁਜ਼ਗਾਰ ਦੀ ਹੋੜ ਵਿਚ ਸ਼ੁਰੂ ਹੋਈ। ਪਿਛਲੀ ਅੱਧੀ ਸਦੀ ਤੋਂ ਜੇਕਰ ਇਹ ਵਧਦੀ ਜਾ ਰਹੀ ਹੈ ਤਾਂ ਇਸ ਦੀ ਇਕ ਮੁੱਖ ਵਜ੍ਹਾ ਹੈ ਮੁਸਲਿਮ ਨੌਜਵਾਨੀ ਲਈ ਉੱਤਰੀ ਮੈਦਾਨੀ ਸੂਬਿਆਂ, ਖ਼ਾਸ ਕਰ ਕੇ ਉੱਤਰ ਪ੍ਰਦੇਸ਼ ਤੇ ਬਿਹਾਰ ਵਿਚ ਰੁਜ਼ਗਾਰ ਦੀ ਘਾਟ।

ਇਸੇ ਘਾਟ ਨੇ ਉਨ੍ਹਾਂ ਨੂੰ ਹਰ ਛੋਟਾ-ਵੱਡਾ ਕੰਮ ਕਰਨਾ ਸਿਖਾ ਦਿਤਾ ਹੈ। ਉਨ੍ਹਾਂ ਦੀ ਲਗਾਤਾਰ ਆਮਦ ਨਾਲ ਦੋਵਾਂ ਪਹਾੜੀ ਸੂਬਿਆਂ ਵਿਚ ਆਬਾਦੀ ਦਾ ਧਾਰਮਕ-ਸਮਾਜਕ ਸੰਤੁਲਨ ਜੇਕਰ ਵਿਗੜਿਆ ਹੈ ਤਾਂ ਉਸ ਨੂੰ 'ਬਾਹਰੀ ਬੰਦਿਆਂ' ਦੀ ਆਮਦ ਨੇਮਬੰਦ ਕਰ ਕੇ ਸੁਧਾਰਿਆ ਜਾ ਸਕਦਾ ਹੈ, ਫਿਰਕੂ ਭਾਵਨਾਵਾਂ ਭੜਕਾ ਕੇ ਨਹੀਂ। ਇਹ ਮੰਦਭਾਗਾ ਰੁਝਾਨ ਹੈ ਕਿ ਜੋ ਨਿਰੋਲ ਸਮਾਜਕ-ਆਰਥਕ ਸਮੱਸਿਆ ਹੈ, ਭਾਜਪਾ ਉਸ ਨੂੰ ਫਿਰਕੂ ਜਜ਼ਬਾਤ ਉਕਸਾਉਣ ਤੇ ਵੋਟ ਬੈਂਕ ਸਿਆਸਤ ਲਈ ਕਾਰਗਰ ਸਿਆਸੀ ਪੱਤੇ ਦਾ ਰੂਪ ਦਿੰਦੀ ਆ ਰਹੀ ਹੈ।

ਅਜਿਹੀ ਸੌੜੀ ਸਿਆਸਤ ਵੋਟਾਂ ਜ਼ਰੂਰ ਦਿਵਾ ਸਕਦੀ ਹੈ, ਪਰ ਰਾਸ਼ਟਰ ਦੀ ਸਿਹਤ ਵਾਸਤੇ ਹਿਤਕਾਰੀ ਬਿਲਕੁਲ ਨਹੀਂ।


ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ:604-590-5200

FIXMAN
GLASS REPAIR LTD
Auto
Residential
Commercial
"We Are The Clear Choice"
GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000

Mandeep Dhaliwal
www.fixmanglass.com Email:fixmanglass@gmail.com


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਗੁਰਦਵਾਰਾ ਸਾਹਿਬ ਵਿਖੇ ਪ੍ਰਕਾਸ਼ ਦਿਹਾੜਾ ਭਗਤ ਪੀਪਾ ਜੀ ਦਾ ਮਨਾਇਆ ਜਾਵੇਗਾ ਅਤੇ 3 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:

1. ਨਗਰ ਰਾਉਕੇ ਕਲਾਂ ਦੀ ਸੰਗਤ ਵੱਲੋਂ 2. ਨਗਰ ਸੰਗ ਢੇਸੀਆਂ ਦੀ ਸੰਗਤ ਵੱਲੋਂ
3. ਭਾਈ ਨਿਰਮਲ ਸਿੰਘ ਵਿਰਕ ਪਰਿਵਾਰ ਵੱਲੋਂ



ਇਹ ਅਖੰਡਪਾਠ ਸਾਹਿਬ 4 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 6 ਅਪ੍ਰੈਲ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*5 ਅਪ੍ਰੈਲ ਦਿਨ ਸ਼ਨਿੱਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਅੰਮ੍ਰਿਤਪਾਲ ਸਿੰਘ ਸਿੱਧੂ ਪਰਿਵਾਰ ਵੱਲੋਂ ਆਪਣੇ ਬੱਚੇ ਦੇ ਜਨਮ ਦੀ ਖੁਸ਼ੀ ਵਿਚ ਹੋਵੇਗੀ।

*6 ਅਪ੍ਰੈਲ ਦਿਨ ਐਤਵਾਰ ਸਵੇਰੇ 9.30 ਵਜੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਧਿਆਨ ਸਿੰਘ ਮੁਰਾਰ ਪਰਿਵਾਰ ਵੱਲੋਂ ਹੋਵੇਗੀ।

*6 ਅਪ੍ਰੈਲ ਦਿਨ ਐਤਵਾਰ ਸਵੇਰੇ 9.30 ਵਜੇ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਜਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

*6 ਅਪ੍ਰੈਲ ਦਿਨ ਐਤਵਾਰ ਦੁਪਹਿਰ 2 ਵਜੇ ਸਵ. ਬੀਬੀ ਬਲਵੀਰ ਕੌਰ ਬਾਜਵਾ ਦਾ ਰਿਵਰ ਸਾਈਡ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸਹਿਜ ਪਾਠ ਦੇ ਭੋਗ ਤੇ ਅੰਤਮ ਅਰਦਾਸ ਸ਼ਾਮ 3.30 ਵਜੇ ਹੋਵੇਗੀ।

*6 ਅਪ੍ਰੈਲ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਰਵਿੰਦਰ ਸਿੰਘ ਸੂਚ ਪਰਿਵਾਰ ਅਤੇ ਹਰਭਜਨ ਸਿੰਘ ਤੰਬੜ ਪਰਿਵਾਰ ਵੱਲੋਂ ਹੋਵੇਗੀ।

*7 ਅਪ੍ਰੈਲ ਦਿਨ ਸੋਮਵਾਰ ਸਵ. ਬੀਬੀ ਦਲਜੀਤ ਕੌਰ ਘੁੰਮਣ ਦਾ ਵੈਲੀ ਵਿਊ ਫਿਊਨਰਲ ਹੋਮ ਸਰੀ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸਹਿਜ ਪਾਠ ਦੇ ਭੋਗ ਤੇ ਅੰਤਮ ਅਰਦਾਸ ਹੋਵੇਗੀ।

*9 ਅਪ੍ਰੈਲ ਦਿਨ ਬੁੱਧਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਰਤਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

*10 ਅਪ੍ਰੈਲ ਦਿਨ ਵੀਰਵਾਰ ਸਵੇਰੇ 10 ਵਜੇ ਸਵ. ਗੁਰਨਾਮ ਸਿੰਘ ਘੱਗ ਦਾ ਰਿਵਰ ਸਾਈਡ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸਹਿਜ ਪਾਠ ਦੇ ਭੋਗ ਤੇ ਅੰਤਮ ਅਰਦਾਸ ਸਵੇਰੇ 11.30 ਵਜੇ ਹੋਵੇਗੀ।

*10 ਅਪ੍ਰੈਲ ਦਿਨ ਵੀਰਵਾਰ ਦੁਪਹਿਰ 2.30 ਵਜੇ ਸਵ. ਗੁਰਮੀਤ ਕੌਰ ਸਿੱਧ ਦਾ ਰਿਵਰ ਸਾਈਡ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸਹਿਜ ਪਾਠ ਦੇ ਭੋਗ ਤੇ ਅੰਤਮ ਅਰਦਾਸ ਸ਼ਾਮ 4.30 ਵਜੇ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ
ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ
ਕਥਾਵਾਚਕ:ਭਾਈ ਨਿਸ਼ਾਨ ਸਿੰਘ
ਢਾਡੀ ਜਥਾ:ਭਾਈ ਜਗਜੀਵਨ ਸਿੰਘ ਅਰਜਨਵਾਲ ਵਾਲੇ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਸਰਕਾਰ ਮੇਰਾ ਐਨਕਾਊਂਟਰ ਕਰਾਉਣਾ ਚਾਹੁੰਦੀ:ਮਜੀਠੀਆ



ਚੰਡੀਗੜ੍ਹ:ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਜ਼ੈੱਡ ਪਲੱਸ ਕੈਟਾਗਰੀ ਸੁਰੱਖਿਆ ਹਟਾਏ ਜਾਣ ਮਗਰੋਂ ਕਿਹਾ ਹੈ ਕਿ ਜਿਵੇਂ ਸਿੱਧੂ ਮੂਸੇਵਾਲਾ ਨਾਲ ਹੋਇਆ, ਉਸ ਤਰ੍ਹਾਂ ਸਰਕਾਰ ਉਨ੍ਹਾ ਦਾ ਵੀ ਐਨਕਾਊਂਟਰ ਕਰਾਉਣਾ ਚਾਹੁੰਦੀ ਹੈ। ਉਨ੍ਹਾ ਕਿਹਾ, ‘ਇਕ ਪਾਸੇ ਤਾਂ ਜਨਵਰੀ ਮਹੀਨੇ ਵਿੱਚ ਪੰਜਾਬ ਪੁਲਸ ਮੈਨੂੰ ਖਤਰਾ ਦੱਸ ਰਹੀ ਹੈ ਅਤੇ ਦੂਜੇ ਪਾਸੇ ਹੁਣ ਸੁਰੱਖਿਆ ਵਾਪਸ ਲੈ ਲਈ ਗਈ ਹੈ।’

ਮਜੀਠੀਆ ਨੇ ਕਿਹਾ ਕਿ ਡੀ ਜੀ ਪੀ ਗੌਰਵ ਯਾਦਵ ਸੁਰੱਖਿਆ ਵਾਪਸੀ ਬਾਰੇ ਲਿਖ ਕੇ ਦੇਣ ਕਿ ਮਜੀਠੀਆ ਦੀ ਸੁਰੱਖਿਆ ਨੂੰ ਕੋਈ ਖਤਰਾ ਨਹੀਂ। ਉਨ੍ਹਾ ਕਿਹਾ ਕਿ ਜੇ ਕੋਈ ਅਣਹੋਣੀ ਵਾਪਰੀ ਤਾਂ ਇਸ ਲਈ ਡੀ ਜੀ ਪੀ ਗੌਰਵ ਯਾਦਵ ਨਿੱਜੀ ਤੌਰ ’ਤੇ ਜ਼ਿੰਮੇਵਾਰ ਹੋਣਗੇ। ਇਸ ਦੇ ਨਾਲ ਹੀ ਮਜੀਠੀਆ ਨੇ ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਸਮੇਤ ਹੋਰਨਾਂ ਨੂੰ ਦਿੱਤੀ ਜਾ ਰਹੀ ਸੁਰੱਖਿਆ ’ਤੇ ਵੀ ਸਵਾਲ ਚੁੱਕੇ ਹਨ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਬੁੱਧਵਾਰ ਇੱਥੇ ਮਜੀਠੀਆ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਤੇ ਮਹੇਸ਼ਇੰਦਰ ਸਿੰਘ ਗਰੇਵਾਲ ਆਦਿ ਵੀ ਹਾਜ਼ਰ ਸਨ।

ਮੁਲਾਕਾਤ ਮਗਰੋਂ ਸੁਖਬੀਰ ਬਾਦਲ ਨੇ ਕਿਹਾ ਕਿ ਇਕ ਵੱਡੀ ਸਾਜ਼ਿਸ਼ ਤਹਿਤ ਮਜੀਠੀਆ ਦੀ ਸੁਰੱਖਿਆ ਹਟਾਈ ਗਈ ਹੈ, ਜੋ ਕਿ ਘਟੀਆ ਸਿਆਸਤ ਦਾ ਹਿੱਸਾ ਹੈ। ਉਨ੍ਹਾ ਕਿਹਾ ਕਿ ਸਰਕਾਰ ਅਕਾਲੀ ਲੀਡਰਸ਼ਿਪ ਨੂੰ ਖਤਮ ਕਰਨਾ ਚਾਹੁੰਦੀ ਹੈ।

ਇਸ ਤੋਂ ਪਹਿਲਾਂ ਉਨ੍ਹਾ ’ਤੇ ਵੀ ਹਮਲਾ ਕਰਾਇਆ ਗਿਆ ਅਤੇ ਮਗਰੋਂ ਹਮਲਾਵਰ ਨੂੰ ਜ਼ਮਾਨਤ ਦਿਵਾਈ ਗਈ। ਉਨ੍ਹਾ ਕਿਹਾ ਕਿ ਅਕਾਲੀ ਦਲ ਪੂਰੀ ਤਰ੍ਹਾਂ ਮਜੀਠੀਆ ਦੇ ਨਾਲ ਖੜ੍ਹਾ ਹੈ।

## ‘ਸੁਰੱਖਿਆ ਹਟਾਈ ਨਹੀਂ, ਘਟਾਈ ਹੈ’

ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਵਾਪਸ ਲਏ ਜਾਣ ਦੇ ਦਾਅਵਿਆਂ ਨੂੰ ਰੱਦ ਕਰਦੇ ਹੋਏ ਸਪੈਸ਼ਲ ਡੀ ਜੀ ਪੀ (ਅਮਨ-ਕਾਨੂੰਨ) ਅਰਪਿਤ ਸ਼ੁਕਲਾ ਨੇ ਬੁੱਧਵਾਰ ਕਿਹਾ ਕਿ ਸੁਰੱਖਿਆ ਘਟਾਈ ਗਈ ਹੈ। ਉਨ੍ਹਾ ਕਿਹਾ ਕਿ ਮਜੀਠੀਆ ਦੀ ਸੁਰੱਖਿਆ ਵਾਪਸ ਲਏ ਜਾਣ ਦੀਆਂ ਰਿਪੋਰਟਾਂ ਸਹੀ ਨਹੀਂ ਹਨ। ਸੁਰੱਖਿਆ ਕਵਰ ਖਤਰੇ ਦੇ ਆਧਾਰ ’ਤੇ ਪ੍ਰਦਾਨ ਕੀਤਾ ਜਾਂਦਾ ਹੈ। ਸੁਰੱਖਿਆ ਸਮੀਖਿਆ ਕਮੇਟੀ ਸਮੇਂ-ਸਮੇਂ ’ਤੇ ਇਸ ਦੀ ਸਮੀਖਿਆ ਕਰਦੀ ਹੈ ਅਤੇ ਖਤਰੇ ਦੀ ਧਾਰਨਾ ਦੇ ਆਧਾਰ ’ਤੇ ਸੁਰੱਖਿਆ ਵਧਾਉਣ ਜਾਂ ਘਟਾਉਣ ਦਾ ਫੈਸਲਾ ਕਰਦੀ ਹੈ। ਤਾਜ਼ਾ ਮੀਟਿੰਗ ਵਿੱਚ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ ’ਤੇ ਮਜੀਠੀਆ ਦੀ ਸੁਰੱਖਿਆ ਘਟਾ ਦਿੱਤੀ ਗਈ ਹੈ ਅਤੇ ਹੁਣ ਵੀ ਉਨ੍ਹਾ ਕੋਲ ਸੁਰੱਖਿਆ ਹੈ, ਜਿਸ ਵਿੱਚ ਇਕ ਐਸਕਾਰਟ ਵਾਹਨ ਅਤੇ ਗੰਨਮੈਨ ਕਾਫੀ ਗਿਣਤੀ ਵਿੱਚ ਹਨ।

# ਮੁੰਬਈ ਤੇ ਦੁਬਈ ਵਿਚਕਾਰ ਪਾਣੀ ਹੇਠਲੀ ਰੇਲਗੱਡੀ ਦਾ ਬਣੇਗਾ ਰੇਲ ਲਿੰਕ



ਮੁੰਬਈ ਦੁਬਈ ਅੰਡਰਵਾਟਰ ਟਰੇਨ 2030 ਤਕ ਸ਼ੁਰੂ ਹੋਵੇਗੀ, 1000 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲੇਗੀ, ਹੋਰ ਵੇਰਵੇ: ਭਾਰਤ ਤੋਂ ਦੁਬਈ ਤੱਕ ਚੱਲੇਗੀ ਅੰਡਰਵਾਟਰ ਰੇਲ, ਜਿਸ ਦੀ ਸਪੀਡ 1 ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ। ਤੁਸੀਂ ਹਵਾਈ ਯਾਤਰਾ ਦਾ ਅਨੁਭਵ ਕੀਤਾ ਹੋਵੇਗਾ, ਪਰ ਹੁਣ ਤੁਸੀਂ ਸੋਚੋ ਕਿ ਸਮੁੰਦਰ ਦੇ ਹੇਠਾਂ ਰੇਲਗੱਡੀ ਰਾਹੀਂ ਯਾਤਰਾ ਕਰਨਾ ਕਿਹੋ ਜਿਹਾ ਹੋਵੇਗਾ? ਇਹ ਥੋੜ੍ਹਾ ਅਜੀਬ ਲੱਗ ਸਕਦਾ ਹੈ, ਪਰ ਇਹ ਸੱਚ ਹੋਣ ਵਾਲਾ ਹੈ।ਭਾਰਤ ਤੇ ਦੁਬਈ ਵਿਚਕਾਰ ਪ੍ਰਸਤਾਵਿਤ ਪਾਣੀ ਹੇਠਾਂ ਰੇਲ ’ਤੇ ਯਾਤਰਾ ਸੱਚਮੁੱਚ ਰੋਮਾਂਚਕ ਹੋਣ ਵਾਲੀ ਹੈ। ਇਸ ਰੇਲਗੱਡੀ ਦੀ ਗਤੀ 600 ਕਿਲੋਮੀਟਰ ਪ੍ਰਤੀ ਘੰਟਾ ਤੋਂ 1000 ਕਿਲੋਮੀਟਰ ਪ੍ਰਤੀ ਘੰਟਾ ਤਕ ਹੋ ਸਕਦੀ ਹੈ ਅਤੇ ਇਹ ਮੁੰਬਈ ਤੋਂ ਦੁਬਈ ਦਾ ਸਫ਼ਰ ਸਿਰਫ਼ ਦੋ ਘੰਟਿਆਂ ਵਿਚ ਪੂਰਾ ਕਰ ਸਕੇਗੀ। ਇਸ ਪ੍ਰਾਜੈਕਟ ਬਾਰੇ ਵਿਆਪਕ ਤੌਰ ’ਤੇ ਚਰਚਾ ਕੀਤੀ ਜਾ ਰਹੀ ਹੈ ਅਤੇ ਇਸ ਵਿਚ ਵੱਡੇ ਨਿਵੇਸ਼ ਅਤੇ ਤਕਨੀਕੀ ਚੁਣੌਤੀਆਂ ਸ਼ਾਮਲ ਹਨ।ਤੁਹਾਨੂੰ ਦੱਸ ਦਈਏ ਕਿ ਭਾਰਤ ਅਤੇ ਦੁਬਈ ਵਿਚਕਾਰ ਇਕ ਸ਼ਾਨਦਾਰ ਰੇਲ ਨੈੱਟਵਰਕ ਸਥਾਪਤ ਕੀਤਾ ਜਾਵੇਗਾ, ਜੋ ਸਮੁੰਦਰ ਦੇ ਹੇਠਾਂ ਲਗਭਗ 1200 ਮੀਲ (ਲਗਭਗ 2000 ਕਿਲੋਮੀਟਰ) ਦੀ ਦੂਰੀ ਨੂੰ ਕਵਰ ਕਰੇਗਾ। ਇਸ ਪਾਣੀ ਥੱਲੀ ਦੀ ਰੇਲਗੱਡੀ ਦੀ ਮਦਦ ਨਾਲ ਯਾਤਰੀ ਸਮੁੰਦਰ ਰਾਹੀਂ ਆਪਣੀ ਮੰਜ਼ਿਲ ’ਤੇ ਪਹੁੰਚ ਸਕਣਗੇ। ਹਾਲਾਂਕਿ ਇਹ ਪ੍ਰਾਜੈਕਟ ਅਜੇ ਵੀ ਚਰਚਾ ਅਧੀਨ ਹੈ ਅਤੇ ਪ੍ਰਵਾਨਗੀ ਦੀ ਉਡੀਕ ਕਰ ਰਿਹਾ ਹੈ,ਪਰ ਉਮੀਦ ਹੈ ਕਿ ਇਹ ਯਾਤਰਾ ਅਗਲੇ ਕੁਝ ਸਾਲਾਂ ਵਿਚ ਸ਼ੁਰੂ ਹੋ ਸਕਦੀ ਹੈ। ਜੇਕਰ ਇਹ ਯੋਜਨਾ ਸਫਲ ਹੁੰਦੀ ਹੈ, ਤਾਂ ਇਹ ਯਾਤਰੀਆਂ ਲਈ ਇਕ ਨਵਾਂ ਅਤੇ ਦਿਲਚਸਪ ਅਨੁਭਵ ਹੋਵੇਗਾ, ਜੋ ਉਨ੍ਹਾਂ ਦੀ ਯਾਤਰਾ ਨੂੰ ਹੋਰ ਵੀ ਖਾਸ ਬਣਾ ਦੇਵੇਗਾ।

# ਅਮਰੀਕੀ ਤਕਨਾਲੋਜੀ ਸਪਲਾਈ ਕਰਨ ਦੇ ਦੋਸ਼ ਹੇਠ ਪਾਕਿਸਤਾਨੀ-ਕੈਨੇਡੀਅਨ ਗ੍ਰਿਫ਼ਤਾਰ

ਨਿਊਯਾਰਕ- ਪਾਕਿਸਤਾਨੀ-ਕੈਨੇਡੀਅਨ ਨੂੰ ਅਮਰੀਕੀ ਨਿਰਯਾਤ ਕੰਟਰੋਲ ਕਾਨੂੰਨਾਂ ਦੀ ਉਲੰਘਣਾ ਕਰ ਕੇ ਲੱਖਾਂ ਡਾਲਰ ਦੀ ਅਮਰੀਕੀ ਤਕਨਾਲੋਜੀ ਨੂੰ ਪਾਕਿਸਤਾਨ ਦੇ ਫੌਜ ਅਤੇ ਹਥਿਆਰ ਪ੍ਰੋਗਰਾਮਾਂ ਨਾਲ ਜੁੜੇ ਸੰਗਠਨਾਂ ਨੂੰ ਪਹੁੰਚਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਸ਼ੀ ਦੀ ਪਛਾਣ ਮੁਹੰਮਦ ਜਾਵੇਦ ਅਜ਼ੀਜ਼ (67) ਵਜੋਂ ਹੋਈ ਹੈ। ਉਸਨੂੰ 21 ਮਾਰਚ ਨੂੰ ਵਾਸ਼ਿੰਗਟਨ ਦੇ ਪੱਛਮੀ ਜ਼ਿਲ੍ਹੇ ਵਿਚ ਕੈਨੇਡਾ ਤੋਂ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸਨੂੰ ਮਿਨੀਸੋਟਾ ਜ਼ਿਲ੍ਹੇ ਵਿਚ ਤਬਦੀਲ ਹੋਣ ਤੱਕ ਹਿਰਾਸਤ ਵਿਚ ਰੱਖਿਆ ਗਿਆ ਹੈ।

ਅਜ਼ੀਜ਼ ‘ਤੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀ ਐਕਟ (ਆਈ.ਈ.ਈ.ਪੀ.ਏ.) ਅਤੇ ਨਿਰਯਾਤ ਨਿਯੰਤਰਣ ਸੁਧਾਰ ਐਕਟ ਦੀ ਉਲੰਘਣਾ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਉਸ ‘ਤੇ ਦੋਸ਼ ਲਗਾਇਆ ਗਿਆ ਹੈ ਕਿ 2003 ਤੋਂ ਮਾਰਚ 2019 ਦੇ ਆਸ-ਪਾਸ ਅਜ਼ੀਜ਼ ਨੇ ਕੈਨੇਡਾ ਸਥਿਤ ਆਪਣੀ ਕੰਪਨੀ, ਡਾਇਵਰਸੀਫਾਈਡ ਟੈਕਨਾਲੋਜੀ ਸਰਵਿਸਿਜ਼ ਰਾਹੀਂ ਇੱਕ ਗੈਰ-ਕਾਨੂੰਨੀ ਖਰੀਦ ਨੈੱਟਵਰਕ ਚਲਾਇਆ, ਜਿਸ ਦਾ ਉਦੇਸ਼ ਉਨ੍ਹਾਂ ਪਾਕਿਸਤਾਨੀ ਸੰਸਥਾਵਾਂ ਲਈ ਅਮਰੀਕੀ-ਮੂਲ ਦੀ ਸਮੱਗਰੀ ਪ੍ਰਾਪਤ ਕਰਨਾ ਸੀ, ਜੋ ਪ੍ਰਮਾਣੂ, ਮਿਜ਼ਾਈਲ ਅਤੇ ਮਾਨਵ ਰਹਿਤ ਹਵਾਈ ਵਾਹਨ (ਯੂ.ਏ.ਵੀ.) ਪ੍ਰੋਗਰਾਮਾਂ ਨਾਲ ਜੁੜੀਆਂ ਹਨ।


T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਈਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special

# Home Improvement


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



CLASS "A" CERTIFIED & LICENCED ELECTRICIANS
MANJIT

## ਸੰਦਲ ਰੈਨੋਵੇਸ਼ਨ

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੇਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

ਭਿੰਦਰ : 604-725-6270

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca

## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।

Certified Electrician, Builder, Construction & Development



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

604-716-3534 / 778-881-0236
daljitsinghdhami@gmail.com

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:
Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




Sanjeev Dhir 778.320.9413
sanjeevkumarsk52@gmail.com

## BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:
Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal

Cell: 604-340-7497 Res: 604-543-8064

## STORM ELECTRIC LTD.

Residential & Commercial
Licenced & Bonded

*All Kinds Of Electrical Service
*Best Rate
*Friendly Service
*Quality Workmanship

Mandeep Dhaliwal
(Certified Electrician)
778-994-7207
Email:stormelectricltd@gmail.com

# HOME IMPROVEMENT


## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $210 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## RIGHT TOUCH PAINTING Co.

RT

Residential & Commercial



- Interior & Exterior Painting
- Roller, Brush & Spray Painting
- Stucco Painting
- Re-Painting
- Fast & Friendly Service

Special Discount on Repaint

ਸਾਨੂੰ ਕੰਮ ਵਾਸਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ

**Call Ratinder: 604-765-3419**

## SINGH RAJ
### RENOVATION CO.



**We noticed your house needs minor repair**
Unsure ofyourhousehold fixtures?
Just to replace or repair? **Get it Done Today!**

**We guaranteed Singh Raj Renovation is the smartest choice for household small jobs**

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

**Call Raj: 778-229-9261**

## Ambrosia Renovation

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

**Sunny : 778-951-1699**

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ



**Contact for Kitchen Cabinet & Counter Tops in Homes**

ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ

**236-234-4081**

## HHR RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸ਼ਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical

**Free Estimate**

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Paul 778-823-1056**

## KING 73 RENO LTD.

We Do All Kind Of Renovation

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ



22 ਸਾਲ ਦਾ ਤਜਰਬਾ

**FREE ESTIMATES**

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ

ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

ਸਾਨੂੰ ਵਰਕਰਾਂ ਦੀ ਵੀ ਲੋੜ ਹੈ।

Gurdeep S. Gill **778.896.4555**

king73renoltd@gmail.com www.king73reno.com

# ਦਮਦਮੀ ਟਕਸਾਲ ਦਾ ਕੈਲੰਡਰ ਵਿਗਿਆਨ

**ਸਰਵਜੀਤ ਸਿੰਘ ਸੈਕਰਾਮੈਂਟੋ**

ਦਮਦਮੀ ਟਕਸਾਲ ਵੱਲੋਂ ਸਾਂਝੀ ਕੀਤੀ ਗਈ ਕਥਾਂ ਦੀ ਵੀ ਡੀ ਓ ਦਾ ਪੋਸਟਰ, "ਗੁਰਤਾ ਪਾਤਿਸਾਹੀ ਸਤਵੀਂ ਗੁਰੂ ਹਰਿਰਾਇ ਸਾਹਿਬ ਜੀ ੧੬੯੫ ਬਿਕ੍ਰਮੀ ਚੇਤਰ ਸੁਦੀ ਤਰੌਦਸੀ" ਵੇਖ ਕੇ ਸੋਚਿਆ ਕਿ, ਪੋਸਟਰ ਬਣਾਉਣ ਵਾਲੇ ਦੀ ਅਣਗਹਿਲੀ ਕਾਰਨ, ਪੋਸਟਰ ਉੱਪਰ ਗਲਤ ਤਾਰੀਖ ਲਿਖੀ ਗਈ ਹੋਏਗੀ। ਆਪਣੀ ਤਸੱਲੀ ਲਈ ਜਦੋਂ ਮੈਂ 'ਗੁਰਬਾਣੀ ਪਾਠ ਦਰਪਣ' ਵੇਖੀ ਤਾਂ ਉਥੇ ਵੀ ਚੇਤਰ ਸੁਦੀ ਤਰੌਦਸੀ ਸੰਮਤ 1695 ਬ੍ਰਿਕਮੀ ਹੀ ਲਿਖਿਆ ਹੋਇਆ ਹੈ।

"ਗੱਦੀ ਸਮਾਂ- ੧੬੯੫ ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, ੨੨ ਮਾਰਚ ੧੬੩੮ ਈ:" (ਪੰਨਾ 17, ਦਸੰਬਰ 1998)

'ਗੁਰਬਾਣੀ ਪਾਠ ਦਰਪਣ' (ਪੰਜਵੀਂ ਵਾਰ ਫਰਵਰੀ 2007, ਪੰਨਾ 17), ਅਤੇ 'ਗੁਰਮਤਿ ਰਹਿਤ ਮਰਯਾਦਾ' (ਜਨਵਰੀ 1977 ਪੰਨਾ 40) ਵਿੱਚ ਵੀ ਇਹੀ ਤਾਰੀਖ ਦਰਜ ਹੈ। ਇਸ ਲਈ ਪੋਸਟਰ ਬਣਾਉਣ ਵਾਲੇ ਸੱਜਣ ਨੂੰ ਜਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਉਸ ਨੇ ਤਾਂ ਉਹੀ ਤਾਰੀਖ ਲਿਖੀ ਹੈ ਜੋ ਕਿਤਾਬਾਂ ਵਿੱਚ, "ਸ਼੍ਰੀ ਮਾਨ ਪੰਥ ਰਤਨ ਵਿੱਦਿਆ ਮਾਰਤੰਡ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾ ਵਾਲਿਆਂ ਨੇ ਲਿਖੀ ਹੈ। ਹੁਣ ਜਦੋਂ ਅਸੀਂ, "ਗੁਰਗੱਦੀ ਪਾਤਸ਼ਾਹੀ ਸਤਵੀਂ" ਦੀ ਤਾਰੀਖ "੧੬੯੫ ਬਿ: ਚੇਤਰ ਸੁਦੀ ਤਰੌਦਸੀ, ੨੨ ਮਾਰਚ ੧੬੩੮ ਈ:" ਦੀ ਪੜਤਾਲ ਕਰਦੇ ਹਾਂ ਤਾਂ, ਚੇਤਰ ਸੁਦੀ ਤਰੌਦਸੀ ਸੰਮਤ ੧੬੯੫ ਬਿਕ੍ਰਮੀ (20 ਚੇਤ) ਦਿਨ ਸ਼ਨਿਚਰਵਾਰ ਨੂੰ 17 ਮਾਰਚ 1638 ਈ: (ਜੂਲੀਅਨ) ਬਣਦੀ ਹੈ। ਜੇ ੨੨ ਮਾਰਚ ੧੬੩੮ ਈ: ਨੂੰ ਸਹੀ ਮੰਨੀਏ ਤਾਂ ਇਹ ਵੈਸਾਖ ਵਦੀ ਤੀਜ, (25 ਚੇਤ) ਸੰਮਤ 1695 ਬਿਕ੍ਰਮੀ, ਦਿਨ ਵੀਰਵਾਰ ਬਣਦੀ ਹੈ। ਇਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਵਦੀ-ਸੁਦੀ ਨੂੰ ਤਾਰੀਖਾਂ ਵਿੱਚ ਬਦਲੀ ਕਰਨ ਵੇਲੇ ਗੜਬੜ ਹੋਈ ਹੈ।

ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਗੁਰਗੱਦੀ ਦਿਵਸ ਦੀਆਂ ਕਈ ਤਾਰੀਖਾਂ ਬਾਰੇ ਤਾਂ ਮੱਤ-ਭੇਦ ਹਨ। ਪਰ ਗੁਰੂ ਸਹਿਬਾਨ ਜੀ ਦੇ ਜੋਤੀ ਜੋਤਿ ਸਮਾਉਣ ਅਤੇ ਸ਼ਹੀਦੀ ਦਿਹਾੜਿਆਂ ਦੀਆਂ ਤਾਰੀਖਾਂ ਬਾਰੇ ਤਾਂ ਕੋਈ ਮੱਤ-ਭੇਦ ਨਹੀਂ ਹੈ। ਪਰ ਦਮਦਮੀ ਟਕਸਾਲ ਦੇ ਬ੍ਰਹਮ ਗਿਆਨੀ ਨੇ ਇਥੇ ਵੀ ਘਾਲਾਂ-ਮਾਲਾ ਕਰ ਦਿੱਤਾ ਹੈ। 'ਗੁਰਬਾਣੀ ਪਾਠ ਦਰਪਣ' ਅਤੇ 'ਗੁਰਮਤਿ ਰਹਿਤ ਮਰਯਾਦਾ' ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣਾ ਦੀ ਤਾਰੀਖ, "੧੬੯੫ ਬਿ:, ਚੇਤ ਸੁਦੀ ਪੰਚਮੀ, ੨੮ ਮਾਰਚ ੧੬੩੮ ਈ: ਦਰਜ ਹੈ। ਇਸੇ ਪੰਨੇ ਉੱਪਰ ਇਹ ਟਿੱਪਣੀ ਵੀ ਦਰਜ ਹੈ,

"ਭਾਈ ਮਨੀ ਸਿੰਘ ਜੀ ਵਾਲੀ ਬੀੜ ਜੋ ਸ੍ਰੀ ਹਜ਼ੂਰ ਸਾਹਿਬ ਜੀ ਵਿੱਚ ਹੈ, ਇਸ ਵਿੱਚ ੧੭੦੧ ਬਿਕ੍ਰਮੀ ਨੂੰ ਜੋਤੀ ਜੋਤ ਮਨਾਉਣਾ ਲਿਖਿਆ ਹੈ। ਪਰ ਗੁਰ ਬਿਲਾਸ ਵਿੱਚ ਤੇ ਸੂਰਜ ਪ੍ਰਤਾਪ ਗ੍ਰੰਥ ਵਿੱਚ ੧੬੯੫ ਬਿਕ੍ਰਮੀ ਹੈ। ਤਵਾਰੀਖ਼ ਗੁਰੂ ਖਾਲਸਾ ਅਤੇ ਸ੍ਰੀ ਗੁਰ ਪੰਥ ਪ੍ਰਕਾਸ਼ (ਅੰਮ੍ਰਿਤਸਰ ਐਡੀਸ਼ਨ) ਵਿੱਚ ਵੀ ਜੋਤੀ ਜੋਤ ਸਮਾਉਣਾ ੧੭੦੧ ਬਿ: ਹੀ ਲਿਖਿਆ ਹੈ"। (ਗੁਰਮਤਿ ਰਹਿਤ ਮਰਯਾਦਾ, ਪੰਨਾ 38)

ਹੁਣ ਸਵਾਲ ਪੈਦਾ ਹੁੰਦਾ ਹੈ, ਜਦੋਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੇ ਦੋ ਵੱਖ-ਵੱਖ ਸਾਲ, ਸੰਮਤ 1695 ਬਿਕ੍ਰਮੀ ਅਤੇ ਸੰਮਤ 1701 ਬਿਕ੍ਰਮੀ ਮਿਲਦੇ ਹਨ ਤਾਂ ਪੜਤਾਲ ਕਰਕੇ ਸਹੀ ਸੰਮਤ ਕਿਉਂ ਨਹੀਂ ਲਿਖਿਆ ਗਿਆ? ਦਮਦਮੀ ਟਕਸਾਲ ਦੇ ਮੁਖੀਆਂ ਨੇ, ਸੂਰਜ ਪ੍ਰਕਾਸ਼ ਗ੍ਰੰਥ ਤੇ ਅੰਨਾ ਯਕੀਨ ਕਰਕੇ ਹੀ ਇਹ ਸੰਮਤ ਲਿਖਿਆ ਹੈ। ਕਵੀ ਸੰਤੋਖ ਸਿੰਘ ਦਾ ਵਸੀਲਾ ਹੈ 'ਗੁਰ ਬਿਲਾਸ ਪਾਤਸ਼ਾਹੀ ੬'। ਇਹ 1718 ਈ: ਵਿੱਚ ਲਿਖੀ ਗਈ ਮੰਨੀ ਜਾਂਦੀ ਹੈ।

"ਸੰਮਤ ਸੋਰਹ ਸੈ ਪਾਚਾਨਵ , ਚੇਤ ਸੁਦੀ ਥਿਤਿ ਪੰਚਮ ਗਾਵਨ" (ਪੰਨਾ 797, ਵੇਦਾਂਤੀ ਵਾਲੀ)

ਪਿਆਰਾ ਸਿੰਘ ਪਦਮ ਵੱਲੋਂ ਸੰਪਾਦਿਤ ਕੀਤੀ ਗਈ ਬੰਸਾਵਲੀਨਾਮਾ (ਕੇਸਰ ਸਿੰਘ ਛਿੱਬਰ) ਵਿੱਚ ਸੰਮਤ ਤਾਂ 1695 ਬਿ: ਹੀ ਹੈ ਪਰ ਥਿਤਿ "ਚੇਤ ਸੁਦੀ ਦਸਮੀ' ਹੈ। (ਪੰਨਾ 102)




ਬੰਸਾਵਲੀਨਾਮਾ (1769 ਈ:) ਤੋਂ ਕੁਝ ਸਾਲ ਪਿਛੋਂ (1776 ਈ:) , ਬਾਬਾ ਤੋਲਾ ਸਿੰਘ ਭੱਲਾ ਵੱਲੋਂ ਲਿਖੀ ਗਈ 'ਗੁਰਰਤਨਾਵਲੀ' ਵਿੱਚ ਵੀ ਸੰਮਤ 1695 ਬਿ: ਅਤੇ ਥਿਤਿ "ਦਸਮੀ ਥਿਤਿ ਸੁਦੀ ਚੇਤ" ਦਰਜ ਹੈ। (ਡਾ ਮਨਵਿੰਦਰ ਸਿੰਘ, ਪੰਨਾ 107)

ਆਓ ਹੁਣ ਤਸਵੀਰ ਦਾ ਦੂਜਾ ਪਾਸਾ ਵੇਖੀਏ;

"ਸੰਮਤ ੧੭੦੧ ਚੇਤ ਸੁਦੀ ੫, ਐਤਵਾਰ ਨਉ ਘੜੀਆਂ ਰਾਤ ਜਾਂਦੀ ਨੂੰ ਸਤਿਗੁਰੂ ਕਰਣ ਕਾਰਣ ਸਮਰੱਥ ਕਰਤਾ ਪੁਰਖ ਨਿਰਵੈਰ ਅਕਾਲ ਮੂਰਤਿ ਸ੍ਰੀ ਹਰਿ ਗੋਬਿੰਦ ਜੀ ਸਮਾਣੇ ਕੀਰਤਿਪੁਰ" (ਕਰਤਾਰਪੁਰੀ ਬੀੜ ਦੇ ਦਰਸ਼ਨ) ਜੇ ਇਸ ਨੂੰ ਸੂਰਜੀ ਤਾਰੀਖਾਂ ਵਿੱਚ ਬਦਲੀ ਕਰੀਏ ਤਾਂ ਇਹ 6 ਚੇਤ ਸੰਮਤ 1700 ਬਿ:, 3 ਮਾਰਚ 1644 ਈ: (ਜੂਲੀਅਨ) ਬਣਦੀ ਹੈ। ਇਹ ਹੈ ਪ੍ਰਮਾਣਿਤ ਤਾਰੀਖ।

"Sir Guru Hargoibnd Saihb ij, before ihs departure for heavenly abode, noimnated ihs grandson, Har Ria ij at the tender age of, as ihs successor (Seventh Nanak) on 3rd March,1644" (SGPC.Net)

ਗੁਰੂ ਹਰਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਚੇਤ ਸੁਦੀ 5, ਸੰਮਤ 1701 ਬਿਕ੍ਰਮੀ, 6 ਚੇਤ, ਸੰਮਤ 1700 ਬਿਕ੍ਰਮੀ, 3 ਮਾਰਚ 1644 ਈ: (ਜੂਲੀਅਨ) ਤੋਂ ਸਪੱਸ਼ਟ ਹੈ ਕਿ ਗੁਰੂ ਹਰਿਰਾਇ ਜੀ ਨੂੰ ਗੁਰਗੱਦੀ ਵੀ ਸੰਮਤ 1700 ਦੇ ਅਖੀਰ ਜਾਂ 1701 ਬਿਕ੍ਰਮੀ (1644 ਈ:) ਦੇ ਆਰੰਭ ਵਿੱਚ ਹੀ ਦਿੱਤੀ ਗਈ ਹੋਵੇਗੀ ਨਾ ਕੇ ਸੰਮਤ 1695 ਬਿਕ੍ਰਮੀ (1638 ਈ:), ਜਿਵੇ ਕਿ ਟਕਸਾਲ ਦੀਆਂ ਕਿਤਾਬਾਂ ਵਿੱਚ ਦਰਜ ਹੈ।

"੧੬੯੫ ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, ੨੨ ਮਾਰਚ ੧੬੩੮ ਈ:"।

ਇਤਿਹਾਸਿਕ ਵਸੀਲਿਆਂ ਮੁਤਾਬਕ ਗੁਰੂ ਹਰਿਰਾਇ ਜੀ ਦੀ ਗੁਰਗੱਦੀ ਦਿਵਸ ਦੀਆਂ ਵੱਖ-ਵੱਖ ਥਿੱਤਾਂ, ਚੇਤ ਵਦੀ 13, ਚੇਤ ਵਦੀ 15 (ਚੇਤ ਦੀ ਮੱਸਿਆ), ਚੇਤ ਸੁਦੀ 10 ਅਤੇ ਚੇਤ ਸੁਦੀ 13 ਮਿਲਦੀਆਂ ਹਨ। ਇਨ੍ਹਾਂ ਵਿੱਚੋਂ ਕਿਹੜੀ ਥਿੱਤ ਸਹੀ ਹੈ, ਇਹ ਪਰਖ ਨਾ ਕਰਦੇ ਹੋਏ, ਸੰਮਤ (ਸਾਲ) ਬਾਰੇ ਤੱਥਾਂ ਦੇ ਅਧਾਰ ਤੇ ਨਿਰਨਾ ਕਰਦੇ ਹਾਂ। ਇਥੇ ਇਕ ਤਕਨੀਕੀ ਘੁੰਡੀ ਬਾਰੇ ਜਾਣਕਾਰੀ ਸਾਂਝੀ ਕਰਨੀ ਬਹੁਤ ਜਰੂਰੀ ਹੈ। ਉਹ ਇਹ ਕਿ ਅੰਗਰੇਜੀ ਸਾਲ ਦਾ ਆਰੰਭ 1 ਜਨਵਰੀ ਤੋਂ ਹੁੰਦਾ ਹੈ। ਇਸ ਲਈ ਉਹ 1644 ਈ: ਹੀ ਰਹੇਗਾ। ਚੰਦ ਦੇ ਕੈਲੰਡਰ ਮੁਤਾਬਕ ਚੇਤ ਮਹੀਨੇ ਦਾ ਆਰੰਭ ਤਾਂ ਚੇਤ ਵਦੀ 1 ਤੋਂ ਹੁੰਦਾ ਹੈ।

ਪਰ ਨਵੇ ਸਾਲ ਦਾ ਆਰੰਭ ਚੇਤ ਸੁਦੀ ਏਕਮ ਤੋਂ ਹੁੰਦਾ ਹੈ। ਚੇਤ ਦਾ ਵਦੀ ਪੱਖ ਦਾ ਸੰਮਤ 1700 ਹੋਵੇਗਾ ਅਤੇ ਸੁਦੀ ਪੱਖ ਦਾ ਸੰਮਤ 1701 ਬਿਕ੍ਰਮੀ ਹੋਵੇਗਾ। ਇਸੇ ਤਰ੍ਹਾਂ ਹੀ ਸੂਰਜੀ ਸਾਲ ਦਾ ਆਰੰਭ ਇਕ ਵੈਸਾਖ ਤੋਂ ਹੁੰਦਾ ਹੈ ਨਾਕਿ 1 ਚੇਤ ਤੋਂ। 30 ਚੇਤ ਤੀਕ ਸੰਮਤ 1700 ਬਿਕ੍ਰਮੀ ਅਤੇ 1 ਵੈਸਾਖ ਤੋਂ ਸੰਮਤ 1701 ਬਿਕ੍ਰਮੀ ਆਰੰਭ ਹੋਵੇਗਾ। ਤਾਰੀਖਾਂ ਨੂੰ ਅਦਲਾ-ਬਦਲੀ ਕਰਨ ਵਿੱਚ ਹੋਈਆਂ ਢੇਰ ਸਾਰੀਆਂ ਗਲਤੀ ਦਾ ਸਭ ਤੋਂ ਵੱਡਾ ਕਾਰਨ, ਇਹ ਅਤੇ ਅਜੇਹੀਆਂ ਕਈ ਹੋਰ ਤਕਨੀਕੀ ਗੁੰਝਲਾਂ ਹਨ।

ਕਿਉਂਕਿ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਥਿੱਤ ਚੇਤ ਸੁਦੀ 5, ਸੰਮਤ 1701 ਬਿਕ੍ਰਮੀ ਸਬੰਧੀ ਕੋਈ ਮੱਤ-ਭੇਦ ਨਹੀਂ ਹੈ, ਇਸ ਲਈ ਗੁਰੂ ਹਰਿਰਾਇ ਜੀ ਦਾ ਗੁਰਗੱਦੀ ਦਿਵਸ ਇਸ ਤੋਂ ਪਹਿਲਾ ਭਾਵ ਚੇਤ ਮਹੀਨੇ ਦੇ ਵਦੀ ਪੱਖ ਵਿੱਚ ਹੀ ਹੋਵੇਗਾ। ਜੇ ਅਸੀਂ ਚੇਤ ਵਦੀ 13 (ਸੰਮਤ 1700 ਬਿ:) ਨੂੰ ਸਹੀ ਮੰਨੀਏ ਤਾਂ ਇਹ 29 ਫੱਗਣ ਸੰਮਤ 1700 ਬਿਕ੍ਰਮੀ (25 ਫਰਵਰੀ 1644 ਈ:) ਬਣਦੀ ਹੈ। ਜੇ ਅਸੀਂ ਚੇਤ ਵਦੀ 15 (ਚੇਤ ਦੀ ਮੱਸਿਆ) ਨੂੰ ਸਹੀ ਮੰਨੀਏ ਤਾਂ ਇਹ 1 ਚੇਤ, ਸੰਮਤ 1700 ਬਿ:, 27 ਫਰਵਰੀ 1644 ਈ: ਦਿਨ ਮੰਗਲਵਾਰ ਬਣਦਾ ਹੈ।

ਟਕਸਾਲ ਦੇ ਮੁੱਖੀਆਂ ਵੱਲੋਂ ਲਿਖੀ ਤਾਰੀਖ ਕਿਸੇ ਵੀ ਫਾਰਮੂਲੇ ਮੁਤਾਬਕ " ੧੬੯੫ ਬਿ: ਚੇਤਰ ਸੁਦੀ ਤਰੌਦਸੀ, ਕੀਰਤਪੁਰ ਸਾਹਿਬ, ੨੨ ਮਾਰਚ ੧੬੩੮ ਈ:" (ਗੁਰਬਾਣੀ ਪਾਠ ਦਰਪਣ) ਸਹੀ ਸਾਬਿਤ ਨਹੀਂ ਹੁੰਦੀ। ਇਥੇ; ਜੇ ਅਸੀਂ ਸੰਮਤ (ਸਾਲ) ਨੂੰ ਛੱਡ ਵੀ ਦੇਈਏ ਤਾਂ ਵੀ, ਪਹਾੜ ਜਿੱਡਾ ਸਵਾਲ ☞

ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ
ਲਈ ਫੋਨ ਕਰੋ:604-590-5200

SUPER SANDHU
ਸਾਨੂੰ ਕੈਨਰੀ, ਨਰਸਰੀ ਅਤੇ
ਗਰੀਨ ਹਾਊਸ ਵਿਚ ਕੰਮ ਕਰਨ
ਲਈ ਵਰਕਰਾਂ ਦੀ ਲੋੜ ਹੈ।



ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

FRASERVIEW MEATS
The Name of Guaranteed Quality Meats



Number One Quality Meat in Lower Mainland
We also sell cooked chicken We take orders for all occassion
Serving You Since 1993
Try our Special Chicken Tikkar



Jagir S. Nagra
604-592-2900
#102-12047-80th Ave. Surrey (Besides Mega Fruticana)
www.fraserviewmeats.com

# ਪੰਜਾਬ ਦੀ ਉਪਜਾਊ ਧਰਤੀ



ਪੰਜਾਬ ਦੁਨੀਆਂ ਦੀਆਂ ਪਹਿਲੀਆਂ ਪੰਜ ਉਪਜਾਊ ਧਰਤੀਆਂ ਚੋਂ ਲਗਭਗ ਦੂਜੇ ਸਥਾਨ 'ਤੇ ਹੈ ਪ੍ਰੰਤੂ ਪਿਛਲੇ ਦੋ ਤਿੰਨ ਦਹਾਕਿਆਂ ਤੋਂ ਪੰਜਾਬ ਵਿੱਚੋਂ ਜਮੀਨ ਦਾ ਵਾਹੀ ਯੋਗ ਰਕਬਾ ਸੜਕਾਂ, ਉੱਚੇ ਪੁਲਾਂ ਤੇ ਕਲੋਨੀਆਂ ਹੇਠ ਆ ਰਿਹਾ ਹੈ। 1 ਜਨਵਰੀ, 2025 ਦੀ 'ਦ ਟ੍ਰਿਬਿਊਨ' ਅਖਬਾਰ 'ਚ ਛਪੇ ਅੰਕੜਿਆਂ ਮੁਤਾਬਕ ਪੰਜਾਬ 'ਚ ਸਭ ਤੋਂ ਵੱਧ ਗੁਰਦਾਸਪੁਰ ਡਿਵੀਜ਼ਨ ਵਿਚੋਂ 14,770 ਏਕੜ ਰਕਬਾ ਖੇਤੀ ਚੋਂ ਨਿਕਲਿਆ ਹੈ ਇਸ ਤੋਂ ਦੂਜੇ ਨੰਬਰ ਤੇ ਜਲੰਧਰ ਵਿੱਚੋਂ 13,773 , ਸੰਗਰੂਰ 'ਚੋਂ 1,130, ਦੇਵੀਗੜ੍ਹ 'ਚੋਂ 6,614, ਬਠਿੰਡਾ ਕੈਨਾਲ ਡਿਵੀਜ਼ਨ ਵਿੱਚੋ 2,389, ਰੋਪੜ ਕੈਨਾਲ ਡਿਵੀਜ਼ਨ ਵਿੱਚੋਂ 1,564, ਮਜੀਠਾ ਡਿਵੀਜ਼ਨ ਵਿੱਚੋਂ 704 ਅਤੇ ਬਰਨਾਲਾ ਡਿਵੀਜ਼ਨ ਵਿੱਚੋਂ 987 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁੱਕਿਆ ਹੈ।

ਇਹ ਰਕਬਾ ਕਲੋਨੀਆਂ ਪੁਲਾਂ ਤੇ ਸੜਕਾਂ ਹੇਠ ਆਇਆ ਹੈ। ਉੱਚੇ ਪੁਲਾਂ ਦਾ ਜਾਲ ਭਾਵੇਂ ਪੂਰੇ ਪੰਜਾਬ 'ਚ ਵਿਛਿਆ ਹੋਇਆ ਹੈ ਵਾਹੀਯੋਗ ਜਮੀਨ ਦਾ ਵੱਡੇ ਰੂਪ ਚ ਪੁਲਾਂ ਸੜਕਾਂ ਦੇ ਰੂਪ ਵਿੱਚ ਸਰਕਾਰ ਦੁਆਰਾ ਆਪਣੇ ਅਧੀਨ ਲਿਆਉਣ ਦਾ ਪੂਰਾ ਮਸਲਾ ਵਿਭਿੰਨ ਪਹਿਲੂਆਂ ਨਾਲ ਜੁੜਿਆ ਹੋਇਆ ਹੈ ਜਿਸ ਵਿੱਚੋਂ ਇੱਕ ਪਹਿਲੂ ਨੂੰ ਉਸਾਰੀ ਅਧੀਨ ਪੁਲ ਜੋ ਕਿ ਪੰਜਾਬ 'ਚ ਬਾਬਾ ਬਕਾਲਾ ਸਾਹਿਬ ਤੋਂ ਬਟਾਲੇ ਤੱਕ ਬਣ ਰਿਹਾ ਹੈ ਦੇ ਹਵਾਲੇ ਨਾਲ ਸਮਝ ਸਕਦੇ ਹਾਂ। ਜੋ ਕਿ ਅਗਾਂਹ ਗੁਰਦਾਸਪੁਰ ਡੇਰਾ ਬਾਬਾ ਨਾਨਕ ਕੋਰੀਡੋਰ ਨਾਲ ਮਿਲੇਗਾ। ਇਸ ਰੋਡ ਦੀ ਉਸਾਰੀ ਸਿੱਧੀ ਨਹੀਂ ਬਲਕਿ ਟੇਢੀ ਹੈ ਕਾਰਨ ਕਿ ਇਸ ਰੋਡ ਤੇ ਪੈਂਦੇ ਪਿੰਡਾਂ ਦੇ ਅੱਡੇ ਪੁਲ ਦੀ ਉਸਾਰੀ ਤੋਂ ਬਾਹਰ ਰੱਖੇ ਗਏ ਹਨ।ਇਸ ਤੋਂ ਬਿਨਾਂ ਮੁਕੱਦਮੇ ਵਾਲੀਆਂ ਜਮੀਨਾਂ, ਤਕਸੀਮ ਹੋਣ ਤੋਂ ਰਹਿੰਦੀਆਂ/ਸਾਂਝੀ ਖੇਵਟ ਜਮੀਨਾਂ ਨੂੰ ਹੀ ਪਹਿਲ ਦੇ ਆਧਾਰ ਤੇ ਇਹਨਾਂ ਪੁਲਾਂ ਲਈ ਵਰਤਿਆ ਗਿਆ ਹੈ। ਕਾਰਨ ਹੈ ਕਿ ਮੁਕਦਮੇ ਵਾਲੀਆਂ ਜਮੀਨਾਂ ਅਤੇ ਤਕਸੀਮ ਤੋਂ ਰਹਿੰਦੀਆਂ ਜਮੀਨਾਂ ਦੇ ਪੈਸੇ ਲੋਕਾਂ ਨੂੰ ਨਹੀਂ ਮਿਲੇ, ਕੇਸ ਅਦਾਲਤਾਂ ਚ ਪਹੁੰਚ ਗਏ ਹਨ। ਪਿੰਡਾਂ ਦੇ ਅੱਡੇ ਛੱਡੇ ਗਏ ਹਨ ਕਿਉਂਕਿ ਪਿੰਡਾਂ ਦੇ ਅੱਡਿਆਂ 'ਤੇ ਬਣੀਆਂ ਦੁਕਾਨਾਂ, ਬਾਜ਼ਾਰ ਲਗਭਗ ਸਾਰੀ ਜਮੀਨੀ ਜਾਇਦਾਦ ਲੋਕਾਂ ਦੇ ਨਾਮ ਚੜੀਆਂ ਹੋਈਆਂ ਹਨ ਅਤੇ ਉਥੇ ਜਮੀਨ ਦੇ ਭਾਅ ਵੀ ਸਰਕਾਰ ਨੂੰ ਵਧੇਰੇ ਦੇਣੇ ਪੈਣੇ ਸਨ। ਅਜਿਹੀ ਵਿਉਂਤਬੰਦੀ ਕੇਵਲ ਆਰਥਿਕ ਪੱਖ ਨੂੰ ਹੀ ਸਾਹਮਣੇ ਰੱਖ ਕੇ ਨਹੀਂ ਕੀਤੀ ਗਈ ਬਲਕਿ ਪੁਲਾਂ ਦੀ ਉਸਾਰੀ ਦਾ ਮਸਲਾ ਹੋਰਨਾ ਪੱਖਾਂ ਤੋਂ ਵੀ ਵੇਖਿਆ ਜਾ ਸਕਦਾ ਹੈ। ਸੜਕਾਂ ਪੁਲ ਬੰਦਿਆਂ ਨਿਰੰਤਰ ਵਰਤਣ ਵਾਲੇ ਸਾਧਨਾਂ ਵਿੱਚੋਂ ਇੱਕ ਹਨ ਉਸਾਰੀ ਦਾ ਕੰਮ ਸਾਲਾਂ ਬੱਧੀ ਚੱਲਦਾ ਹੈ। ਪਹਿਲਾਂ ਤਾਂ ਜਮੀਨਾਂ ਇਕਵਾਇਰ ਕਰਨ ਕਰਕੇ ਬੰਦਿਆਂ ਦੇ ਮਨਾ ਅਤੇ ਵਿਹਾਰ 'ਤੇ ਪ੍ਰਭਾਵ ਪੈਂਦਾ ਹੈ ਦੂਜਾ ਨਿਰੰਤਰ ਹੁੰਦੀ ਖੱਜਲ ਖਵਾਰੀ, ਉਸਾਰੀ ਨਾਲ ਬੰਦਿਆਂ ਦੀ ਸੁਚੇਤ ਅਚੇਤ ਮਨ ਪ੍ਰਭਾਵਿਤ ਹੁੰਦੇ ਹਨ ਜਿਹੜੇ ਕਿ ਉਹਨਾਂ ਦਾ ਧਿਆਨ ਭਖਦੇ ਮੁੱਦਿਆਂ ਵੱਲ ਜਾਣ ਤੋਂ ਰੋਕਦੇ ਹਨ।

ਦੂਜਾ ਪੱਖ ਜਮੀਨਾਂ ਨੂੰ ਕਾਨੂੰਨੀ ਤੌਰ 'ਤੇ ਸਰਕਾਰ ਦੁਆਰਾ ਆਪਣੇ ਅਧੀਨ ਲੈਣ ਦਾ ਮਸਲਾ ਹੈ ਜੋ ਕਿ ਸਭ ਤੋਂ ਵਧੇਰੇ ਗੰਭੀਰ ਹੈ।

ਤੀਜਾ ਪੱਖ ਇਹ ਹੈ ਕਿ ਜੇਕਰ ਇਸੇ ਪੁਲ ਦੇ ਹਵਾਲੇ ਨਾਲ ਵੇਖੀਏ ਤਾਂ ਇਹ ਪੁਲ ਅਗਾਂਹ ਗੁਰਦਾਸਪੁਰ ਜਿਹੜਾ ਡੇਰਾ ਬਾਬਾ ਨਾਨਕ ਕੋਅਰੀਡੋਰ ਵੱਲ ਨੂੰ ਜਾਂਦਾ ਹੈ ਜੋ ਅਗਾਂਹ ਪਾਕਿਸਤਾਨ ਨਾਲ ਵਪਾਰਕ ਸੰਬੰਧਾਂ 'ਚ ਵਰਤੇ ਜਾਣ ਦੀ ਸੰਭਾਵਨਾ ਹੈ। ਪਰ ਇਸ ਵਿੱਚ ਆਮ ਲੋਕਾਂ ਨੂੰ ਕੋਈ ਰਿਆਇਤ ਹਿੱਸੇਦਾਰੀ ਨਹੀਂ ਦਿੱਤੀ ਜਾਵੇਗੀ।

ਦੂਜਾ ਵੱਡਾ ਮਸਲਾ ਇਸ ਜਮੀਨ ਤੋਂ ਆਏ ਪੈਸੇ ਨੂੰ ਕਿਹੜੇ ਪਾਸੇ ਵਰਤਣਾ ਹੈ ਇਹ ਸਾਧਨ ਵਪਾਰਕ ਧਿਰ ਮੁਹਈਆ ਕਰਵਾਉਂਦੀ ਹੈ। ਭਰਪੂਰ ਰੂਪ ਵਿੱਚ ਪਦਾਰਥ ਭੋਗਣ ਦੇ ਸਾਰੇ ਸਾਧਨ ਆਮ ਬੰਦੇ ਦੀ ਪਹੁੰਚ ਤੱਕ ਮੁਹਈਆ ਕਰਵਾਏ ਜਾਂਦੇ ਹਨ। ਉਦਾਹਰਣ ਵਜੋਂ ਬਾਬਾ ਬਕਾਲਾ ਸਾਹਿਬ ਇੱਕ ਛੋਟੇ ਕਸਬੇ ਦੇ ਰੂਪ ਵਿੱਚ ਹੈ ਪਰੰਤੂ ਉਥੇ ਲਗਭਗ ਦੁਨੀਆਂ ਭਰ ਚ ਚਲਦੇ ਸਾਰੇ ਤਰ੍ਹਾਂ ਦੇ ਖਾਣੇ ਦੀਆਂ ਵੱਡੀਆਂ ਕੰਪਨੀਆਂ, ਲੀੜੇ ਲੱਤੇ ਦੀਆਂ ਵੱਡੀਆਂ ਦੁਕਾਨਾਂ ਦੇ ਸ਼ੋਅਰੂਮ ਲੱਗ ਚੁੱਕੇ।

ਕਿਆਫੇ ਲੋਕਾਂ ਦੇ ਹਨ ਵਿਉਂਤਬੰਦੀ ਸਰਕਾਰ ਦੀ ਪਰ ਇਹ ਸਾਰੇ ਕਾਸੇ ਵਿੱਚ ਨੁਕਸਾਨ ਆਮ ਬਾਸ਼ਿੰਦੇ ਦਾ ਹੈ ਕਿਸਾਨਾਂ ਦਾ ਹੈ। ਇਹ ਜ਼ਮੀਨਾਂ ਹਥਿਆਉਣ ਦੀ ਰਾਜਨੀਤੀ ਦੀ ਸਭ ਤੋਂ ਵਧੇਰੇ ਚਾਲਬਾਜ਼ ਤੇ ਨਿੰਦਣਯੋਗ ਪਾਸਾ ਹੈ।

ਮਨਪ੍ਰੀਤ ਕੌਰ
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ
ਫਤਿਹਗੜ੍ਹ ਸਾਹਿਬ

---

☞ ਸਾਹਮਣੇ ਆ ਖੜਦਾ ਹੈ। ਉਹ ਇਹ ਕਿ ਦਮਦਮੀ ਟਕਸਾਲ ਦੇ ਪਹਿਲੇ ਮੁੱਖੀਆਂ ਵੱਲੋਂ ਤਾਂ ਆਪਣੀਆਂ ਲਿਖਤਾਂ ਵਿੱਚ 'ਚੇਤ ਸੁਦੀ ਤਰੌਦਸੀ' ਲਿਖਿਆ ਹੋਇਆ ਹੈ ਪਰ, ਮੌਜੂਦਾ ਮੁਖੀ ਦੀ ਦੇਖ-ਰੇਖ ਹੇਠ ਛਪਵਾਏ ਗਏ ਕੈਲੰਡਰਾਂ ਵਿੱਚ 'ਚੇਤ ਵਦੀ ਤਰੌਦਸੀ' ਨੂੰ ਇਹ ਦਿਹਾੜਾ ਦਰਜ ਕੀਤਾ ਗਿਆ ਹੈ। ਸੁਦੀ ਨੂੰ ਵਦੀ ਲਿਖਣ ਨਾਲ 15 ਦਿਨ੍ਹਾਂ ਦਾ ਫ਼ਰਕ ਪੈ ਜਾਂਦਾ ਹੈ। ਚੇਤ ਵਦੀ ਤਰੌਦਸੀ, 14 ਚੇਤ/27 ਮਾਰਚ ਦਿਨ ਵੀਰਵਾਰ ਨੂੰ ਸੀ। ਚੇਤਰ ਸੁਦੀ ਤਰੌਦਸੀ, 28 ਚੇਤ 10 ਅਪ੍ਰੈਲ ਦਿਨ ਵੀਰਵਾਰ ਨੂੰ ਹੈ। ਇਥੇ ਇਕ ਹੋਰ ਸਮੱਸਿਆ ਆ ਗਈ ਹੈ।

ਪਾਠਕ ਸੋਚੇਗਾ ਕਿ ਲਿਖਿਆ ਤਾਂ 15 ਦਿਨਾਂ ਦਾ ਫਰਕ ਹੈ ਪਰ ਅਸਲ ਵਿਚ ਤਾਂ 14 ਦਿਨਾਂ ਦਾ ਫ਼ਰਕ ਹੈ। ਇਸ ਦਾ ਕਾਰਨ ਇਹ ਹੈ ਕਿ ਚੇਤ ਸੁਦੀ 2 ਅਤੇ ਚੇਤ ਸੁਦੀ 3, ਦੋਵੇਂ ਇਕੋ ਦਿਨ (18 ਚੇਤ/31 ਮਾਰਚ) ਹੀ ਹਨ। ਜਾਂ ਇਹ ਕਹਿ ਸਕਦੇ ਹਾਂ ਕਿ ਚੇਤ ਸੁਦੀ 3, ਗਿਣੀ ਨਹੀਂ ਜਾਵੇਗੀ।

ਕੀ, ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ ਦਾ ਮੈਂਬਰ, ਦਮਦਮੀ ਟਕਸਾਲ ਅਤੇ ਸੰਤ ਸਮਾਜ ਦਾ ਮੌਜੂਦਾ ਮੁੱਖੀ, ਜਾਂ ਉਨ੍ਹਾਂ ਦਾ ਕੋਈ ਨੁਮਾਇੰਦਾ, ਉਪ੍ਰੋਕਤ ਨੁਕਤਿਆਂ ਬਾਰੇ ਟਕਸਾਲ ਦਾ ਪੱਖ ਸਪੱਸ਼ਟ ਕਰਨ ਦੀ ਖੇਚਲ ਕਰੇਗਾ?

ਪੰਜਾਬੀ, ਹਿੰਦੀ ਵਿੱਚ ਵੀ ਗੱਲ ਕਰਦੇ ਹਾਂ

Rx FAMILY CARE PHARMACY

- FREE blister/bubble packing for better compliance
- FREE delivery
- OPEN 7 days a week *including* **Holidays**
- FULL line of home health care/ostomy/wound care
- FULL line of vitamins, supplements, herbs & homeopathy

* ਫਰੀ ਬਲਿਸਟਰ / ਬੱਬਲ ਪੈਕਿੰਗ, ਇੱਛਾ ਮੁਤਾਬਿਕ * ਮੁਫਤ ਡਲਿਵਰੀ
* ਹਫਤੇ ਦੇ ਸੱਤੇ ਦਿਨ ਤੇ ਛੁੱਟੀ ਦੇ ਦਿਨ ਵੀ ਖੁੱਲੇ ਰਹਿੰਦੇ ਹਾਂ
* ਹਰ ਤਰਾਂ ਦੀਆਂ ਸਿਹਤ ਸੇਵਾਵਾਂ ਸਬੰਧੀ ਸਭ ਦੁਆਈਆਂ, ਅਸਟੋਮੀ, ਜਖਮ ਕੇਅਰ
* ਹਰ ਤਰਾਂ ਦੇ ਵਿਟਾਮਿਨ, ਸਪਲੀਮੈਂਟ, ਹਰਬਲ **WE DO TRAVEL SHOTS**
* ਹੋਮਿਓਪੈਥਿਕ ਦਵਾਈਆਂ ਲਈ ਬੀ ਸੀ ਦੀ ਨੰਬਰ 1 ਫਾਰਮੇਸੀ

**FREE CONSULTATIONS**

Open Hours
Sun:10:00 AM - 4:00 PM
Mon to Thurs:7:00 AM - 8:00 PM
Fri: 7AM - 8 PM Sat:9 AM - 6PM

- ਫ਼ਲੂ ਦੇ ਟੀਕੇ ਲਗਾਏ ਜਾਂਦੇ ਹਨ।
- ਸ਼ੂਗਰ ਟੈਸਟ ਕੀਤਾ ਜਾਂਦਾ ਹੈ
- ਟਰੈਵਲ ਕਰਨ ਲਈ ਜਾ ਇੰਡੀਆ ਜਾਣ ਲਈ ਕਿਹੜੇ ਕਿਹੜੇ ਸ਼ਾਟਸ/ਟੀਕੇ ਲਗਵਾਉਣੇ ਚਾਹੀਦੇ ਹਨ, ਉਸਦੀ ਸਲਾਹ ਵੀ ਦਿੰਦੇ ਹਾਂ।

| SURREY | DELTA | WHITE ROCK |
|---|---|---|
| 12815 96 Ave, Surrey | 8925-120 Street, Delta | 1539 Johnston Road |
| Ph:604-581-1900 | Ph:604-599-4318 | Ph:604-536-1300 |

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

778-928-4522, 778-565-4141, 778-565-3232

# ਹਥਿਆਰਾਂ ਦੀ ਦੌੜ ਅਤੇ ਲੋੜ

ਦੌੜ ਤਾਂ ਪਹਿਲਾਂ ਹੀ ਸੀ ਲੋੜ ਹੁਣ ਹੋਰ ਵਧ ਗਈ ਜਦ ਦਾ ਅਮਰੀਕਾ ਯੋਰਪ ਵਾਲਿਆਂ ਨੂੰ ਕਹਿੰਦਾ ਅਪਣੀ ਨਲੀ ਖੁਦ ਪੂੰਝੋ ਮੈਂ ਨਾ ਹਥ ਲਬੇੜੇ ਹੁਣ।

ਚਿਰਾਂ ਤੋਂ ਅਮਰੀਕਾ ਯੂਰਪ ਨੂੰ ਕਹਿੰਦਾ ਆ ਰਹਿਆ ਸੀ ਪੁਤ ਮੇਰਿਓ ਮੈਂ ਹਾਂ ਨਾ ਤੁਸੀਂ ਮੌਜਾਂ ਕਰੋ, ਮੇਰੇ ਹੁੰਦੇ ਕੀ ਪ੍ਰਵਾਹ, ਵਾਅ ਵਲ ਨਹੀ ਵੇਖੂ ਕੋਈ ਤੁਹਾਡੀ। ਪਰ ਹੁਣ ਪੌੜੀ ਖਿਚ ਲਈ ਅਤੇ ਯੂਰਪ ਬਨੇਰੇ ਨੂੰ ਲਮਕਿਆ ਸੋਚ ਰਿਹਾ ਡਿਗਾਂ ਕਿਧਰ।

ਪੁਤਿਨ ਸੰਸਾਰ ਦਾ ਦੂਜਾ ਸਟਾਲਿਨ ਜਾਂ ਸੌਖਿਆਂ ਸਮਝਣ ਲਈ ਹਿਟਲਰ ਬਣਨ ਜਾ ਰਿਹਾ ਜਿਹੜਾ ਯੁਕਰੇਨ ਦੀ ਧੌਣ ਤੇ ਗੋਡਾ ਰਖੀ ਹੀ ਆ ਰਹਿਆ ਸੀ ਜਿਵੇਂ ਦਿਲੀ ਪੰਜਾਬ ਦੇ। ਪੰਜਾਬ ਵਿਚ ਬਈਏ ਤੂੜਨ ਤਰਾਂ ਓਹ ਰੂਸੀ ਲੋਕ ਯੁਕਰੇਨ ਦੇ ਇਲਾਕਿਆਂ ਵਿਚ ਲਗਾਤਾਰ ਸੁਟ ਰਿਹਾ ਸੀ ਤਾਂ ਕਿ ਅਗੇ ਜਾ ਕੇ ਓਹ ਇਸ ਉਪਰ ਦਾਅਵਾ ਕਰ ਸਕੇ। ਯੁਕਰੇਨ ਨੇ ਮਰਦੇ ਲੜਾਈ ਵਾਲਾ ਅਕ ਚਬਿਆ ਪਰ ਟਰੰਪ ਸੰਸਾਰ ਦਾ ਸੁਪਰ ਹੀਰੋ ਬਣਨ ਦੇ ਗੇੜ ਵਿਚ ਦਾਲ ਡੋਹਲ ਕੇ ਖਾਣ ਵਰਗਾ ਮਹੌਲ ਪੈਦਾ ਕਰ ਬੈਠਾ ਜਿਹੜਾ ਹੁਣ ਸਮਝ ਨਹੀ ਆਓਦੀ ਕਿਧਰੋਂ ਚੁਮਚਾ ਭਰੇ ਕਿਓਕਿ ਹੰਕਾਰੀ ਪੁਤਿਨ ਨੇ ਇਕ ਸ਼ਰਤ ਨਹੀ ਮੰਨੀ ਟਰੰਪ ਦੀ ਉਲਟਾ ਘੰਟਾ ਫੋਨ ਤੇ ਵੇਟ ਕਰਾਈ ਰਖੀ।

ਰੂਸ ਕਿਆਂ ਕੋਲੇ ਕਰੀਬ ਸਾਢੇ ਛੇ ਹਜਾਰ ਪਰਮਾਣੂੰ ਬੰਬ ਨੇ ਜਿਹੜੇ ਪੂਰੀ ਧਰਤੀ ਨੂੰ ਵਿਚੇ ਖੁਦ ਰੂਸ ਨੂੰ ਤਬਾਹ ਕਰਨ ਦੀ ਸਮਰਥਾ ਰਖਦੇ ਨੇ ਅਤੇ ਦੂਜੇ ਨੰਬਰ ਅਮਰੀਕਾ। ਸੱਤਰਿਆਂ ਕੁ ਦੇ ਗੇੜ ਚਾਰ ਕੁ ਡਾਗਾਂ ਪੁੜਿਆਂ ਤੇ ਖਾ ਕੇ ਡਰੇ ਹੋਏ ਪੰਜਾਬ ਦੇ ਕਾਮਰੇਡ ਆਖੀ ਜਾਂਦੇ ਰਹੇ ਹਥਿਆਰ ਨਹੀ ਕਿਤਾਬ ਪਰ ਓਨਾ ਦੇ ਸੋ ਕਾਲ ਇਨਕਲਾਬੀ ਪੁਤਿਨ ਕੋਲੇ ਸਾਰੇ ਮੁਲਖਾਂ ਨਾਲੋਂ ਵਧ ਪ੍ਰਮਾਣੂੰ ਬੰਬ ਨੇ।

ਅਮੀਰ ਦੇ ਬਲੈਲਰ ਕੁਕੜ ਵਰਗੇ ਨਿਆਣੇ ਦੇ ਪਿਓ ਵਲੋਂ ਆਤਮ ਨਿਰਭਰ ਨਾ ਹੋਣ ਦੇਣ ਤਰਾਂ ਪਹਿਲਾਂ ਅਮਰੀਕਾ ਸੋਫੇ ਤੇ ਬੈਠਿਆਂ ਬਰਬਰ ਚਾਰੀ ਗਿਆ ਯੋਰਪ ਨੂੰ ਹੁਣ ਆਂਹਦਾ ਪੁਤ ਚਲ ਕਿਰਾਏ ਤੇ ਘਰ ਲਭ ਅਪਣਾ। ਵਿਹਲੀਆਂ ਖਾਣ ਗਿਝਾ ਯੋਰਪ ਝੋਲਾ ਫੜੀ ਦਰਵਾਜਾ ਟੂ ਦਰਵਾਜਾ ਤੁਰਿਆ ਫਿਰਦਾ ਕਿ ਜੇ ਰੂਸ ਆ ਗਿਆ?

ਡਰਿਆ ਹੋਇਆ ਯੋਰਪ ਹਥਿਆਰਾਂ ਦੀ ਅੰਨੀ ਦੌੜ ਵਿਚ ਪੈ ਕੇ ਰਹੇਗਾ ਅਤੇ ਉਸ ਦੇ ਨਾਲ ਹੀ ਕਨੇਡਾ। ਜਿਸਦਾ ਨਤੀਜਾ ਮਹਿੰਗਾਈ ਅਤੇ ਭੁਖਮਰੀ ਹੋਰ ਵਧਣ ਤੋਂ ਬਚਿਆ ਨਹੀ ਜਾ ਸਕਦਾ ਅਤੇ ਇਸ ਹਥਿਆਰਾਂ ਦੀ ਅੰਨੀ ਦੌੜ ਵਿਚ ਆਮ ਮਨੁਖਤਾ ਪਿਸੇਗੀ।

ਬੰਦੇ ਬੰਦੀਆਂ ਨੂੰ ਛੋਛੇ ਬਾਜੀਆਂ ਅਤੇ ਬੇਲੋੜੀਆਂ ਵਾਯਾਤੀਆਂ ਦੇ ਸੁਪਨਿਆਂ ਵਿਚੋਂ ਬਾਹਰ ਆ ਕੇ ਅਪਣੇ ਖਰਚਿਆਂ ਉਪਰ ਸਾਵਧਾਨ ਹੋਣਾ ਬਣਦਾ ਹੈ ਤਾਂ ਕਿ ਮਾੜਿਆਂ ਸਮਿਆਂ ਵਿਚ ਘਟੋ ਘਟ ਢਿੱਡ ਦਾ ਚੁਲਾ ਤਾਂ ਬਲਦਾ ਤਾਂ ਰਹਿ ਸਕੇ।

ਓਧਰ ਮੋਦੀ ਕਿਆਂ ਦੀ ਧੋਣ ਉਪਰ ਲਟਕਦੀ ਤਲਵਾਰ ਟਰੰਪ ਨੇ ਸੁਟ ਦਿਤੀ ਹੈ। ਦੋ ਅਪ੍ਰੈਲ ਨੂੰ ਚੀਕਾਂ ਵਜਣਗੀਆਂ ਹੀ ਵਜਣਗੀਆਂ। ਦਿਲੀ ਵਾਲਿਆਂ ਬਥੇਰੇ ਹਾੜੇ ਪਾਏ ਕਿ ਮਾਈ ਬਾਪ ਛੇ ਮਹੀਨੇ ਹੀ ਹੋਰ ਦੇ ਛਡ ਪਰ ਟਰੰਪ ਆਂਹਦਾ ਨਾਂਅ!

ਭੁੱਖੇ ਗਰੀਬ ਤਰਾਂ ਮੋਦੀ ਕਿਆਂ ਦੋ ਦੋ ਹਥਾਂ ਨਾਲ ਲਡੂਆਂ ਤੇ ਹਥ ਫੇਰਨ ਤਰਾਂ ਰੂਸ ਤੋਂ ਸਸਤਾ ਤੇਲ ਲੈ ਲੈ ਮਹਿੰਗਾ ਵੇਚ ਵੇਚ ਚੰਗੀਆਂ ਕੁਖਾਂ ਕਢੀਆਂ ਪਰ ਹੁਣ ਟਰੰਪ ਨੇ ਹਜਮ ਨਹੀ ਹੋਣ ਦੇਣਾ ਸਭ। ਉਲਟੀਆਂ ਕਰਾ ਕਰਾ ਕਢੂਗਾ ਬਾਹਰ। ਕਿਓਕਿੰ ਬਿਲੀਅਨਜ ਆਫ ਡਾਲਰਾਂ ਦਾ ਵਪਾਰ ਹੈ ਅਮਰੀਕਾ ਨਾਲ ਜਿਸ ਉਪਰ ਜਦ ਹੁਣ 25% ਜਮਾ ਹੋਇਆ ਤਾਂ ਇਹ ਮੁਲਖ ਝਟਕਾ ਝਲ ਨਹੀ ਸਕੇਗਾ ਅਤੇ ਲਗਦਾ ਨਹੀ ਇਸ ਨੂੰ ਕਿਸੇ ਨੂੰ ਡੇਗਣ ਦੀ ਲੋੜ ਹੈ ਕਿਓਕਿ ਓਹ ਤਾਂ ਪਹਿਲਾਂ ਹੀ ਅਤ ਗਰੀਬੀ ਦੀਆਂ ਫਹੁੜੀਆਂ ਤੇ ਹੈ।

ਗੁਰਦੇਵ ਸਿੰਘ ਸੱਧੇਵਾਲੀਆ

# ਗੁਰ ਕਾ ਬਚਨੁ ਬਸੈ ਜੀਅ ਨਾਲੇ

ਪਾਣੀ ਡੋਬ ਨਹੀ ਸਕਦਾ, ਚੋਰੀ ਹੁੰਦਾ ਨਹੀ ਅਤੇ ਅਗ ਸਾੜ ਨਹੀ ਸਕਦੀ ਗੁਰਾਂ ਦੇ ਬਚਨ ਨੂੰ।

ਸਰਸਾਂ ਦੀਆਂ ਲਹਿਰਾਂ ਅਤੇ ਛੋਟੇ ਘਲੂਘਾਰੇ ਦੇ ਦਰਿਆਵਾਂ ਤੋਂ ਕਿਥੇ ਰੁੜ ਹੋਇਆ ਗੁਰਾਂ ਦਾ ਬਚਨ। ਨਾ ਦੇਗਾਂ ਸਾੜ ਸਕੀਆਂ ਨਾ ਦੁਆਲੇ ਬੰਨੇ ਰੂੰਆਂ ਦੀਆਂ ਪੰਡਾਂ ਨਾ ਜੰਡ ਨਾ ਗਲਾਂ ਵਿਚ ਪਾਏ ਸੜਦੇ ਟਾਇਰ।

ਪੰਡੀਏ ਕੇ ਚੋਰਾਂ ਤਰਾਂ ਸਦੀਆਂ ਤੋਂ ਮਗਰ ਪਏ ਵੇ ਨੇ ਨਾ ਤਸਕਰਾਂ ਕੋਲੋਂ ਚੋਰੀ ਹੋਇਆ ਗੁਰਾਂ ਦਾ ਬਚਨ।

ਜੇ ਸੜ ਗਿਆ ਹੁੰਦਾ, ਡੁਬ ਗਿਆ ਹੁੰਦਾ ਰੌਲਾ ਖਤਮ ਨਾ ਹੋਇਆ ਹੁੰਦਾ ਪਰ ਸਭ ਤੋਂ ਦੁਖੀ ਤਾਂ ਪੰਜਾਬ ਨੇ ਕੀਤਾ ਕਿਓਕਿੰ ਪੰਜਾਬ ਦੀ ਰੂਹ ਵਿਚ ਐ ਗੁਰਾਂ ਦਾ ਬਚਨ।

ਗੁਰਾਂ ਕਰਤਾ ਬਚਨ ਬਸ ਕਰਤਾ ਤੇ ਹੁਣ ਤਾਂ ਜੀਅ ਜਾਨ ਨਾਲ ਨਿਭੂ।

ਟੁਟੀ ਜਿਹੀ ਟਾਇਰ ਤੇ ਬੈਠੇ ਊਂਘਦੇ ਸਿੰਘ ਨੂੰ ਪੁਛਿਆ ਕਛਹਿਰੇ ਬਿਨਾ ਨਾ ਕਪੜਾ ਤਨ ਤੇ ਨਾ ਹਥਿਆਰ ਨਾ ਚਜ ਦਾ ਘੋੜਾ ਪਰ ਦਾਅਵਾ ਪਾਤਸ਼ਾਹੀ?

ਸਿੰਘ ਆਂਹਦਾ ਤੈਨੂੰ ਕਿਨ ਕਿਹਾ ਘੋੜੇ ਨੇ ਲੜਨਾ ਕਪੜਿਆਂ ਜਾਂ ਕਿਰਪਾਨ ਨੇ। ਲੜਨਾ ਐ ਮੇਰੇ ਗੁਰਾਂ ਦੇ ਬਚਨ ਨੇ ਅਤੇ ਗੁਰਾਂ ਮੈਨੂੰ ਪਾਤਸ਼ਾਹੀ ਦੇ ਦਿਤੀ ਹੋਈ ਅਤੇ ਜੇ ਹੁਣ ਖੁੰਡੀ ਤਲਵਾਰ ਵੀ ਦੁਸ਼ਮਣ ਦੀਆਂ ਆਦਰਾਂ ਨਾ ਧੂਹ ਲਿਆਈ।

ਰਕਾਬ ਉਪਰ ਪੈਰਾਂ ਭਾਰ ਹੋ ਕੇ ਜਦ ਖਿਚ ਕੇ ਨਾਗਣੀ ਮਸਤੇ ਹਾਥੀ ਦੇ ਆਰ ਪਾਰ ਕਰ ਸੁਟੀ ਸਿੰਘ ਨੇ ਤਾਂ ਗੁਰਾਂ ਭਾਈ ਬਚਿਤਰ ਸਿੰਘ ਨੂੰ ਜਦ ਥਾਪੜਾ ਦਿਤਾ ਤਾਂ ਅਖਾਂ ਭਰ ਸਿੰਘ ਆਂਹਦਾ ਪਾਤਸ਼ਾਹੋ ਮੈਂ ਕੋਣ ਸਾਂ ਲੜਨ ਵਾਲਾ, ਓਥੇ ਤਾਂ ਥੋਡਾ ਬਚਨ ਲੜ ਰਿਹਾ ਸੀ ਕਿ ਮਥਾ ਪਾੜਨਾ ਬਸ ਪਾੜਨਾ।

ਸਦੀਆਂ ਗੁਜਰ ਗਈਆਂ ਪਰ ਸਿੰਘ ਹੁਣ ਤਕ ਡਟਾ ਖੜਾ ਕਿ ਗੁਰਾਂ ਮੈਨੂੰ ਪਾਤਸ਼ਾਹੀ ਦਿਤੀ ਅਤੇ ਓਹ ਮੈਂ ਲੈ ਕੇ ਰਹਿਣੀ।

ਮੈਂ ਡਾ ਅਮਰਜੀਤ ਸਿੰਘ ਹੋਰਾਂ ਨੂੰ ਸੁਣ ਰਹਿਆ ਸੀ ਗਲ ਖਾਲਿਸਤਾਨ ਦੀ ਚਲ ਰਹੀ ਤਾਂ ਬੰਦਾ ਇਕ ਸਵਾਲ ਕਰਦਾ ਸਮੁੰਦਰ? ਨਾਲ ਹੀ ਬੈਠਾ ਇਕ ਆਂਹਦਾ ਓ ਤੂੰ ਛਡ ਸਮੁੰਦਰ ਵਮੁੰਦਰ, ਸਮੁੰਦਰ ਅਸੀਂ ਆਪੇ ਪੁਟ ਲਾਂਗੇ ਕੇਰਾਂ ਹਥ ਤਾਂ ਪੈਣ ਦੇਹ। ਸਮੁੰਦਰ ਤਕ ਪੁਟ ਸੁਟਣ ਵਰਗੇ ਜਿਗਰੇ ਵਾਲਿਆਂ ਕਰਕੇ ਹੀ ਤਾਂ ਮੋਦੀ ਕੇ ਟਰੰਪ ਮੂਹਰੇ ਵੀ ਚੀਕਾਂ ਮਾਰ ਰਹੇ ਨੇ ਕਿ ਕਰ ਕੁਝ ਇਨਾ ਦਾ।

100 ਸਾਲ ਖਾਲਸੇ ਨੇ ਤੇਗ ਮਿਆਨ ਨਹੀ ਪਾਈ ਜਦ ਤਕ ਲਹੌਰ ਪੈਰਾਂ ਭਾਰ ਨਹੀ ਕਰ ਲਿਆ ਅਤੇ ਦਿਲੀ ਘੋੜਿਆਂ ਦੇ ਪੌੜਾਂ ਹੇਠ ਰੋਂਦ ਨਹੀ ਸੁਟੀ ਕਿਓਕਿੰ ਗੁਰਾਂ ਬਚਨ ਜੂ ਕਰ ਦਿਤਾ ਹੋਇਆ ਸੀ।

ਰਾਜੇ ਆਂਹਦੇ ਬਾਬਿਓ ਆਹਾ ਚੂਹੜੇ ਚਪੜੇ ਜਟ ਬੂਟ ਪਾਸੇ ਕਰੋ ਸਾਥੋਂ। ਅਸੀਂ ਨਹੀ ਬੈਠ ਸਕਦੇ ਇਨਾ ਨਾਲ ਇਕੋ ਬਾਟਾ ਤਾਂ ਦੂਰ ਦੀ ਗਲ ਪੰਗਤ ਵੀ ਅਡ ਕਰੋ ਸਾਡੀ। ਬਾਬੇ ਆਂਹਦੇ ਇਹਨਾ ਚੂਹੜੇ ਚਪੜੇ ਜਟ ਬੂਟਾਂ ਹੀ ਜੇ ਬਾਦਸ਼ਾਹੀਆਂ ਨਾ ਰੋਲ ਕੇ ਰਖ ਦਿਤੀਆਂ ਤਾਂ, ਅਤੇ ਭਵਿਖ ਦੇ ਬਾਦਸ਼ਾਹ ਹੋਣਗੇ ਇਹ। ਪਾਤਸ਼ਾਹੀ ਦਾਅਵਾ ਰਹੇਗਾ ਮਰਦੇ ਦਮ ਤਕ ਇਨਾ ਦਾ।



ਹਾਲਾਂ ਕੁਝ ਸਾਲ ਵੀ ਨਾ ਸਨ ਪਏ ਕਿ ਓਨਾ ਹੀ ਜਟਾਂ ਬੂਟਾਂ ਦੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦਾ ਓਹੀ ਰਾਜੇ ਪਾਣੀ ਭਰ ਭਰ ਗਏ ਅਤੇ ਧੀਆਂ ਦੇ ਡੋਲੇ।

ਹੁਣ ਵੀ ਆਟੇ ਵਿਚ ਲੂਣ ਪਰ ਆਟੇ ਦੀ ਪੂਰੀ ਪਰਾਤ ਨੂੰ ਵਖਤ ਪਾਇਆ ਪਿਆ ਪੰਜਾਬ ਨੇ। ਦਿਲੀ ਵਾਲਿਆਂ ਦੀ 'ਟਾਪ ਲਿਸਟ' ਯਾਣੀ 'ਹਿਟ ਲਿਸਟ' ਵਿਚ ਐ ਪੰਜਾਬ।

ਅਸੀਂ ਅਨਪੜ ਜਾਹਲ ਹੀ ਸਹੀਂ ਪਰ ਚਾਰ ਛਿੱਤਰ ਨਹੀ ਝਲੇ ਕਿਤਾਬਾਂ ਦੇ ਗੱਡੇ ਲਦੀ ਫਿਰਨ ਵਾਲਿਆਂ ਕਿ ਬਦੂੰਕ ਦੀ ਨਾਲੀ ਵਿਚਲਾ ਇਨਕਲਾਬ ਨਾਲੀ ਵਿਚ ਫਸਿਆ ਹਾਲਾਂ ਤਕ ਨਹੀ ਨਿਕਲਿਆ ਪਰ ਸਿੰਘ ਦੋ ਨਸਲਾਂ ਬਰਬਾਦ ਕਰਾ ਕੇ ਵੀ ਝੰਡੇ ਚੁਕੀ ਫਿਰਦਾ ਕਿਓਕਿ ਉਸ ਨੂੰ ਗੁਰਾਂ ਦੇ ਬਚਨ ਉਪਰ ਭਰੋਸਾ ਹੈ।

**ਗੁਰਦੇਵ ਸਿੰਘ ਸੱਧੇਵਾਲੀਆ**

# ਟਰੰਪ ਵੱਲੋਂ 3 ਮੁਸਲਿਮ ਦੇਸ਼ਾਂ ਦਾ ਦੌਰਾ ਕਰਨ ਦੀ ਯੋਜਨਾ



ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਗਾਤਾਰ ਸਖਤ ਫੈਸਲੇ ਲੈ ਰਹੇ ਹਨ। ਭਾਵੇਂ ਇਹ ਇਮੀਗ੍ਰੇਸ਼ਨ ਜਾਂ ਟੈਰਿਫ ਨਾਲ ਸਬੰਧਤ ਹੋਵੇ। ਹਾਲਾਂਕਿ ਟਰੰਪ ਨੇ ਵੀ ਕਈ ਦੇਸ਼ਾਂ ਨਾਲ ਸਬੰਧ ਸੁਧਾਰਨੇ ਸ਼ੁਰੂ ਕਰ ਦਿੱਤੇ ਹਨ ਅਤੇ ਇਸ ਦੇ ਬਦਲੇ ਉਹ ਤਿੰਨ ਮੁਸਲਿਮ ਦੇਸ਼ਾਂ ਦਾ ਦੌਰਾ ਕਰਨ ਜਾ ਰਹੇ ਹਨ, ਡੋਨਾਲਡ ਟਰੰਪ ਅਗਲੇ ਮਹੀਨੇ ਹੀ ਸਾਊਦੀ ਅਰਬ ਦਾ ਦੌਰਾ ਕਰ ਸਕਦੇ ਹਨ। ਉਨ੍ਹਾਂ ਨੇ ਵ੍ਹਾਈਟ ਹਾਊਸ 'ਚ ਕਿਹਾ ਕਿ ਸੱਤਾ 'ਚ ਵਾਪਸੀ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਵਿਦੇਸ਼ ਯਾਤਰਾ ਸਾਊਦੀ ਅਰਬ ਹੋ ਸਕਦੀ ਹੈ।

ਟਰੰਪ ਨੇ ਕਿਹਾ ਕਿ ਇਹ ਫੇਰੀ ਅਗਲੇ ਮਹੀਨੇ ਜਾਂ ਥੋੜ੍ਹੀ ਦੇਰ ਬਾਅਦ ਹੋ ਸਕਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਤਰ ਸਮੇਤ ਕੁਝ ਹੋਰ ਦੇਸ਼ਾਂ ਦਾ ਦੌਰਾ ਕਰਨ ਦੀ ਵੀ ਸੰਭਾਵਨਾ ਜਤਾਈ ਹੈ।

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਯੂ.ਏ.ਈ. ਬਹੁਤ ਮਹੱਤਵਪੂਰਨ ਹੈ, ਇਸ ਲਈ ਮੈਂ ਯੂ.ਏ.ਈ. ਅਤੇ ਕਤਰ ਵਿਚ ਰਹਾਂਗਾ। ਸਾਊਦੀ ਅਰਬ ਦੇ ਅਧਿਕਾਰੀ ਸਾਡੀਆਂ ਅਮਰੀਕੀ ਕੰਪਨੀਆਂ ਵਿਚ ਲਗਭਗ ਇੱਕ ਟ੍ਰਿਲੀਅਨ ਡਾਲਰ ਖਰਚ ਕਰਨ ਲਈ ਸਹਿਮਤ ਹੋਏ ਹਨ, ਜਿਸ ਦਾ ਮਤਲਬ ਹੈ ਮੇਰੇ ਲਈ ਨੌਕਰੀਆਂ। ਅਮਰੀਕੀ ਕੰਪਨੀਆਂ ਸਾਊਦੀ ਅਰਬ ਅਤੇ ਮੱਧ ਪੂਰਬ ਦੇ ਹੋਰ ਸਥਾਨਾਂ ਲਈ ਉਪਕਰਨ ਬਣਾਉਣਗੀਆਂ।

ਜਨਵਰੀ ਵਿਚ ਸਾਊਦੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਅਮਰੀਕੀ ਵਪਾਰ ਅਤੇ ਨਿਵੇਸ਼ ਵਿਚ 600 ਅਰਬ ਡਾਲਰ ਜਮ੍ਹਾ ਕਰਨ ਦਾ ਵਾਅਦਾ ਕੀਤਾ ਸੀ। ਉਸ ਸਮੇਂ ਸਾਊਦੀ ਅਰਬ ਨੇ ਕੋਈ ਵੇਰਵਾ ਨਹੀਂ ਦਿੱਤਾ ਸੀ ਕਿ ਇਸ ਪੈਸੇ ਦਾ ਚੈਨਲ ਕੀ ਹੋਵੇਗਾ, ਕਿਉਂਕਿ ਇਹ ਸਾਊਦੀ ਜੀ.ਡੀ.ਪੀ. ਦੇ ਅੱਧੇ ਤੋਂ ਵੱਧ ਹੈ।


Rai
Express Lines Ltd.



Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8



BEST IDEA
KITCHEN CABINETS LTD.





RESIDENTIAL & COMMERCIAL
*Quality Workmanship *Reasonable Rates *Satisfaction Guaranteed

We Specialize In:
*Custom Kitchen Cabinets
*Bathroom Vanities
*Fire Places *Bars
*Entertainment Units



For Free Estimates: Jasbir Thind:778-991-1233
Email:bestideakitchencabinets.ca
#107-12677-80Ave Surrey, BC V3W 3A6
Ph: 604.593.5276 Fax: 604.593.5736



ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


+91 77175-02848
+91 98146-12006
+91 99882-68982
GE
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ
*24 ਘੰਟੇ ਸਰਵਿਸ
WE OFFER
VARIETY OF CARS
OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES